1937

राष्ट्रीय अभिलेखागार पुस्तकालय
NATIONAL ARCHIVES LIBRARY
भारत सरकार
Government of India
नई दिल्ली
New Delhi
1063/9/41
आह्वानांक Call No.
अवाप्ति सं० Acc. No. 19378

ੴ ਵਾਹਿਗੁਰੂ ਜੀ ਕੀ ਫਤਹ ॥

ਕੂੜੁ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥

# ਉਡਾਰੂ ਗੂੰਜ

-:ਦਾ:-

## ਪੈਹਲਾ ਅਤੇ ਦੂਜਾ

ਹਿੱਸਾ


-: ਰਚਿਤ ਤੇ ਪ੍ਰਕਾਸ਼ਕ :-

ਕਵੀ ਗੁਰਦਿਆਲ ਸਿੰਘ

"ਗੜਗੱਜ ਉਡਾਰੂ"

ਪ੍ਰਚਾਰਕ ਗੜਗੱਜ ਅਕਾਲੀ ਦੀਵਾਨ।

NATIONAL ARCHIVES LIBRARY
No. 1937
Date 1-2-72
GOVT. OF INDIA

(ਕਵੀ ਦੀ ਆਗਜਾ ਤੋਂ ਬਿਨਾਂ ਕੋਈ ਨਾਂ ਛਾਪੇ)

੧ ਓ ਸਤਿਗੁਰ ਪ੍ਰਸਾਦਿ ॥

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ।

# ਉਡਾਰੂ ਗੂੰਜ

—:ਦਾ:—

## ਪਹਿਲਾ ਅਤੇ ਦੂਜਾ ਹਿੱਸਾ

ਅਰਥਾਤ

## ਨੌਕਰਸ਼ਾਹੀ ਦੇ ਜ਼ੁਲਮ!

## ਹਿੰਦੁਸਤਾਨ ਦੀ ਸ਼ਾਂਤਮਈ !!

## ਨਾਭੇ ਦੀ ਨਵੀਂ ਗੁਰਨਮੈਂਟ ਦਾ ਵਤੀਰਾ !!!

ਰਚਿਤ ਤੇ ਪ੍ਰਕਾਸ਼ਕ

ਕਵੀ ਗੁਰਦਯਾਲ ਸਿੰਘ 'ਗੱੜਗਜ ਉਡਾਰੂ'

ਮੈਂਬਰ ਗੜਗਜ ਅਕਾਲੀ ਦੀਵਾਨ ਨੇ

"ਪੰਜਾਬ ਖਾਲਸਾ ਪ੍ਰੈਸ" ਅੰਮ੍ਰਿਤਸਰ ਵਿਚ

ਬਾਬਾ ਸੰਤਾ ਸਿੰਘ ਅਕਾਲੀ "ਬੋਰੀਆਂ ਵਾਲਾ"

ਮੈਨੇਜਰ ਤੇ ਪ੍ਰਿੰਟਰ ਦੇ ਪ੍ਰਬੰਧ ਨਾਲ ਛਪੀ।

ਕੀਮਤ ।=)

ੴ ਸਤਿਗੁਰਪ੍ਰਸਾਦਿ ॥

॥ ਦੋਹਿਰਾ ॥

ਗੁਰੂ ਨਾਨਕ ਕੋ ਬੰਦਨਾਂ ਜੋ ਗੁਰ ਆਦਿ ਕਹਾਵੇ।
ਜੋ ਕੋਈ ਉਸਦੀ ਉਪਮਾ ਲਿਖਦਾ ਲਿਖੀ ਮੂਲ ਨ ਜਾਵੇ।

--o--

ਕਲਗੀ ਵਾਲਿਆ ਆਨਕੇ ਬਹੁੜ ਛੇਤੀ,
ਅਗੇ ਤੁਧ ਦੇ ਵਾਸਤਾ ਪਾਇ ਰਹੇ!
ਤੇਰੀ ਕੌਮ ਸੰਦਾ ਮਦਾ ਹਾਲ ਹੋਇਆ,
ਪਾਪੀ ਦੇਖ ਲੈ ਕੈਹਰ ਕਮਾਇ ਰਹੇ!
ਹਿੰਦੁਸਤਾਨ ਸੰਦਾ ਬੁਢਾ ਬਾਲ ਗੁਰ ਜੀ,
ਬਾਵ੍ਹਾਂ ਉਚੀਆਂ ਕਰ ਕੁਰਲਾਇ ਰਹੇ!
ਅਗੇ ਚਲਕੇ ਦੇਖ "ਉਡਾਰੂਆ" ਵੇ,
ਨਾਭਾ ਪਤੀ ਵੀ ਦੁਖ ਉਠਾਇ ਰਹੇ!

--()-o-()--

## ਵਾਹਿਗੁਰੂ ਅਗੇ ਪ੍ਰਾਰਥਨਾ

ਨਿਮਸ਼ਕਾਰ ਮੇਰੀ ਗੁਰੂ ਆਦਿ ਅਗੇ,
ਮੇਰੇ ਸਿਰ ਤੇ ਹੱਥ ਟਕਾਓ ਗੁਰ ਜੀ!
ਮੇਰੇ ਵਿਚ ਨਾ ਬੁਧ ਕਬੁਧ ਹਾਂ ਮੈਂ,
ਅੱਕਲਹੀਨ ਅੰਦਰ ਅੱਕਲ ਪਾਓ ਗੁਰ ਜੀ!
ਜਿਸ ਕੰਮ ਨੂੰ ਹੱਥ ਮੈਂ ਪੌਣ ਲੱਗਾ,
ਓਸ ਕੰਮ ਨੂੰ ਸਿਰੇ ਝੜਾਓ ਗੁਰ ਜੀ!
ਮੇਰੇ ਦਿੱਲ ਦੇ ਵਿਚ ਉਬਾਲ ਜੇਹੜਾ,
ਮੇਰੇ ਦਿੱਲ ਦੀ ਆਸ ਪੁਜਾਓ ਗੁਰ ਜੀ!

--□-o-□--

ਨਹੀਂ ਮੈਂ ਵਿਦਿਆ ਵਿਚ ਭਰਪੂਰ ਕੋਈ,
ਕਰਾਂ ਬੇਨਤੀ ਤੇਰੇ ਦਰਬਾਰ ਗੁਰ ਜੀ !
ਪੜੇ ਪਿੰਗਲ ਦੀ ਐਡੀ ਨਾ ਸਾਰ ਕੋਈ,
ਏਨੂੰ ਤੁਸੀਂ ਸੁਧਾਰਨੇ ਹਾਰ ਗੁਰ ਜੀ !
ਨਹੀਂ ਤਾਂ ਹੁਕਮ ਦੇਵੀਂ ਸੁਚੇ ਪੰਥ ਤਾਈਂ,
ਲਊ ਏਸ ਨੂੰ ਆਪ ਵਿਚਾਰ ਗੁਰ ਜੀ !
ਤੇਰੇ ਆਸਰੇ ਮੈਂ ਬੇੜਾ ਠੇਹਲ ਦਿਤਾ,
ਮਗਰੋਂ ਲੱਵੀਂ "ਉਡਾਰੂ" ਦੀ ਸਾਰ ਗੁਰ ਜੀ !

---

[ਦਵੱਯਾ ਛੰਦ]

ਕਲਗੀਧਰ ਦਸਮੇਸ ਪਿਤਾ ਜੀ, ਜ਼ੁਲਮ ਦੇਸ ਤੇ ਹੋਂਦਾ !
ਪੇਸ਼ ਨਾ ਸਾਡੀ ਜਾਵੇ ਕੋਈ, ਵਾਲ ਵਾਲ ਹੈ ਰੋਂਦਾ !
ਸਾਡੇ ਵਿਚ ਕਸੂਰ ਨਾ ਕੋਈ, ਕਿਉਂ ਏਹ ਕਸ਼ਟ ਉਠਾਯਾ !
ਨਾਲ ਖੁਸ਼ੀ ਦੇ ਵਸਦੇ ਰਸਦੇ, ਭਾਣਾ ਕੀ ਵਰਤਾਯਾ?
ਧਾਮ ਤੁਸਾਂ ਨੇ ਬਖਸ਼ੇ ਸਾਨੂੰ, ਕੀਤਾ ਪਰ ਉਪਕਾਰ !
ਐਪਰ ਗੈਰ ਮਜ਼ੂਬ ਦੇ ਸਾਨੂੰ, ਕਰਦੇ ਬਹੁਤ ਲਾਚਾਰ !
ਜੇਹੜੇ ਸਿੱਖ ਕਹਉਂਦੇ ਤੇਰੇ, ਝੋਲੀ ਟੁਕ ਤਮਾਮ !
ਪਕੜ ਸਿੰਘਾਂ ਨੂੰ ਜੇਹਲੀਂ ਪਾਕੇ, ਲੈਂਦੇ ਬਹੁਤ ਇਨਾਮ !

---

ਪਿਆਰੇ ਖ਼ਾਲਸਾ ਦੁਖਾਂ ਦਾ ਹੱੜ ਆਇਆ,
ਸ਼ਾਂ ਸ਼ਾਂ ਕਰਕੇ ਰੋਹੜੀ ਜਾਂਵਦਾ ਏ !
ਜਿਸ ਮੁਲਕ ਦੇ ਵਿਚ ਆਰਾਮ ਕੀਤਾ,
ਓਸੇ ਮੁਲਕ ਤੇ ਕੈਹਰ ਕਮਾਂਵਦਾ ਏ !
ਨਹੀਂ ਦਸਿਆ ਜਾਂਵਦਾ ਹਾਲ ਮੈਥੋਂ,

ਉਛਲ ਕਾਲਜਾ ਮੂੰਹ ਨੂੰ ਆਂਵਦਾ ਏ!
ਦੱਸ ਅੱਗਲਾ ਹਾਲ "ਓਡਾਰੂਆ" ਵੇ,
ਖੱਲਕਤ ਰੱਬ ਦੀ ਕਿਵੇਂ ਸਤਾਂਵਦਾ ਏ!

## ਜ਼ੁਲਮ ਤੇ ਸ਼ਾਂਤ ਦਾ ਮੁਕਾਬਲਾ

ਸਾਡਾ ਕੰਮ ਹੈ ਧਾਮ ਆਜ਼ਾਦ ਕਰਨਾ,
ਤੇਰਾ ਕੰਮ ਹੈ ਰੋੜਾ ਅਟਕਾਈ ਜਾ ਤੂੰ!
ਸਾਡਾ ਕੰਮ ਹੈ ਹੋ ਸ਼ਹੀਦ ਮਰਨਾ,
ਤੇਰਾ ਕੰਮ ਹੈ ਗੋਲੀ ਚਲਾਈ ਜਾ ਤੂੰ!
ਸਾਡਾ ਕੰਮ ਹੈ ਅਸਾਂ ਨਾ ਪਿਛਾਂ ਹਟਨਾਂ,
ਤੇਰਾ ਕੰਮ ਹੈ ਮਾਰ ਮੁਕਾਈ ਜਾ ਤੂੰ!
ਸਾਡਾ ਕੰਮ ਹੈ ਖੇਤੀ ਦੇ ਵਾਂਗ ਵਧਨਾ,
ਤੇਰਾ ਕੰਮ ਹੈ ਮਬਰ ਵਛਾਈ ਜਾ ਤੂੰ!

---

ਸਾਡਾ ਕੰਮ ਹੈ ਅਸਾਂ ਨਾ ਵਾਰ ਕਰਨਾ,
ਤੇਰਾ ਕੰਮ ਹੈ ਜ਼ੁਲਮ ਕਮਾਈ ਜਾ ਤੂੰ!
ਸਾਡਾ ਕੰਮ ਹੈ ਅਸਾਂ ਨਾ ਢਾਲ ਡਾਨ੍ਹੀ,
ਤੇਰਾ ਕੰਮ ਹੈ ਵਾਰ ਕਰਵਾਈ ਜਾ ਤੂੰ!
ਸਾਡਾ ਕੰਮ ਹੈ ਅਸਾਂ ਨਨਕਾਣੇ ਜਾਂਣਾ,
ਤੇਰਾ ਕੰਮ ਹੈ ਅੱਗ ਮਚਾਈ ਜਾ ਤੂੰ!
ਸਾਡਾ ਕੰਮ ਹੈ ਗੁਰੂ ਦੇ ਬਾਗ ਜਾਣਾ,
ਤੇਰਾ ਕੰਮ ਹੈ ਡਾਂਗਾਂ ਵਰਸਾਈ ਜਾ ਤੂੰ!
ਸਾਡਾ ਕੰਮ ਹੈ ਧਰਮ ਪ੍ਰਚਾਰ ਕਰਨਾ,

ਤੇਰਾ ਕੰਮ ਹੈ ਜੇਲੀਂ ਪੁਚਾਈ ਜਾ ਤੂੰ!
ਸਾਡਾ ਕੰਮ ਹੈ ਗੱਜ ਤੇ ਵੱਜ ਕੈਹਨਾ,
ਲਿਖ ਡੈਰੀਆਂ ਮਿੱਟੀ ਪੁਟਾਈ ਜਾ ਤੂੰ!
ਸਾਡਾ ਕੰਮ ਹੈ ਨਹੀਂ ਇਨਕਾਰ ਕਰਨਾ,
ਤੇਰਾ ਕੰਮ ਹੈ ਚੱਕੀ ਪਿਹਾਈ ਜਾਂ ਤੂੰ!
ਭਾਵੇਂ ਰੋਵੇਂ ਪਿੱਟੇਂ ਭਾਵੇਂ ਲੜਨ ਮਿਰਚਾਂ,
ਪਾ ਗੱੜਗਜ "ਉਡਾਰੂ" ਸੁਨਾਈ ਜਾ ਤੂੰ!

-‡ ੦ ‡-

## ਸੱਤਰ ਸਾਲ ਦੀ ਦੋਸਤੀ ਦੀ ਕਰਤੂਰ

ਤੈਨੂੰ ਯਾਦ ਰੈਂਹਦਾ ਸ਼ੇਰ ਬੱਬਰ ਕਿਓਂ ਨਹੀਂ

ਸੱਤਰ ਸਾਲ ਦੀ ਦੋਸਤੀ ਗਈ ਕਿਥੇ,
ਯੂਰਪ ਜੰਗ ਦੇ ਵਿੱਚ ਸੁਨਾਂਵਦਾ ਸੈਂ!
ਵੈਰੀ ਆਂਵਦਾ ਸੀ ਤੇਰੀ ਹਿੱਕ ਉਤੇ,
ਹੱਥ ਜੋੜ ਪਲਾ ਗਲ ਪਾਂਵਦਾ ਸੈਂ!
ਦੇਊਂ ਤੁਸਾਂ ਨੂੰ ਹੱਕ ਮੈ ਕੁਲ ਸਾਰਾ,
ਓਦੋਂ ਜ਼ਾਲਮਾਂ ਤੂੰ ਸਵਾਂ ਖਾਂਵਦਾ ਸੈਂ!
ਕਰੋ ਜੰਗ ਨੂੰ ਫਤਹ ਪੰਜਾਬੀਓ ਵੇ,
ਹਥ ਜੋੜਕੇ ਵਾਸਤੇ ਪਾਂਵਦਾ ਸੈਂ!

*‡-○-‡*

ਜੰਗ ਫ਼ਤਹ ਹੋਇਆ ਹੱਕ ਮਿਲਨ ਲਗਾ,
ਬਾਗ ਜਲ੍ਹਿਆਂ ਗੋਲੀ ਚਲਾਇ ਦਿੱਤੀ!
ਥੋੜੇ ਦਿਨ ਪਿਛੋਂ ਲਾਕੇ ਮਾਰਸ਼ਲ ਲਾ,
ਖਲਕਤ ਜੇਲ ਦੇ ਵਿਚ ਪੁਚਾਇ ਦਿੱਤੀ!

ਅੱਜ ਚਲ ਨਨਕਾਣੇ ਦੇ ਵਿਚ ਦੇਖੋ,
ਦੋ ਸੌ ਜਿੰਦ ਵੀ ਅਸਾਂ ਘੁਮਾਇ ਦਿੱਤੀ !
ਗੁਰੂ ਬਾਗ ਅੰਦਰ ਜਾਕੇ ਖਾਲਸੇ ਨੇ,
ਜਿੰਦ ਧਰਮ ਤੋਂ ਕਰ ਫ਼ਿਦਾਇ ਦਿੱਤੀ !

---o---

ਗੁਰੂ ਬਾਗ ਦੇ ਵਿਚ ਹਸਾਬ ਹੋਇਆ,
ਗਿਣ ਗਿਣ ਝੋਲੀ ਸਾਰਾ ਪਾਇਆ ਏ !
ਸੁਣੋ ਹਿੰਦੁਸਤਾਨੀਓਂ ਧਿਆਨ ਦੇਕੇ,
ਨਾਲੇ ਪਾਪੀਆਂ ਏਹ ਸੁਨਾਇਆ ਏ !
ਹੱਕ ਮਿਲਿਆ ਕੇ ਅਜੇ ਵੀ ਨਹੀਂ ਮਿਲਿਆ,
ਵਾਹਵਾ 'ਬੀਟੀ' ਨੇ ਹੱਟ ਬੁਸਾਇਆ ਏ !
ਅਗ੍ਹਾਂ ਹੋਵੇ ਨੌਕਰ ! ਲਵੇ ਹੋਰ ਸਾਥੋਂ,
ਅਸਾਂ ਪਿਛਲਾ ਕੁਲ ਮੁਕਾਇਆ ਏ !

---o---

ਹਾ ਹਾ ਕਾਰ ਮਚੀ ਸਾਰੇ ਦੇਸ ਅੰਦਰ
ਦਸੋ ਕਿਸ ਨੂੰ ਹਾਲ ਸੁਨਾਈਏ ਅਸੀਂ !
ਭਾਵੇਂ ਮਿਲਨ ਗੋਤੇ ਵੱਜਨ ਸਿਰ ਡਾਗਾਂ,
ਆਓ ਆਪਣਾ ਹੱਠ ਨਭਾਈਏ ਅਸੀਂ !
ਭਾਵੇਂ ਹੋਵੇ ਮਹੰਤ ਨਰੈਣੂ ਅਗੇ,
ਸਿੱਧੇ ਵਿਚ ਨਨਕਾਣੇ ਦੇ ਜਾਈਏ ਅਸੀਂ !
ਅਸਾਂ ਧਾਮ ਆਜ਼ਾਦ ਅਜ਼ਾਦ ਕਰਨੇ,
ਗੱਜ ਵੱਜ ਕੇ ਏਹ ਫੁਰਮਾਈਏ ਅਸੀਂ !

---o---

ਆਂ ਹੁਣ ਤਾਂ ਰੱਬਦਾ ਖੌਫ ਕਰਜਾ,

ਕਰਨੋ ਹਟਦਾ ਜ਼ਾਬਰਾ ਜਬਰ ਕਿਓਂ ਨਹੀਂ!
ਬਚੇ ਬਚੇ ਨੂੰ ਮਾਰ ਕੇ ਦੇਸ ਵਿਚੋਂ,
ਅਜੇ ਤਕ ਅਉਂਦਾ ਤੈਨੂੰ ਸਬਰ ਕਿਓਂ ਨਹੀਂ!
ਦੋਹੀ ਪੈ ਗਈ ਹਿੰਦੁਸਤਾਨ ਅੰਦਰ,
ਤੇਰੇ ਕੰਨਾਂ ਤਾਈਂ ਪਹੁੰਚੀ ਖਬਰ ਕਿਓਂ ਨਹੀਂ!
ਅੱਜ ਮੌਤ ਨੂੰ ਕਿਓਂ ਵਿਸਾਰ ਬੈਠੋਂ,
ਤੈਨੂੰ ਯਾਦ ਰਹਿੰਦਾ ਸ਼ੇਰੇ ਬਬਰ ਕਿਓਂ ਨਹੀਂ!

## ਗੁਰੂ ਦੇ ਬਾਗ਼ ਦਾ ਹਾਲ !

[ਵਾਹ ਵਾਹ ਜਾਇਕੇ ਹੱਠ ਨਿਭਾਂਦੀਆਂ ਸੀ]

ਸਾਡਾ ਹਿੰਦ ਕਦ ਤੀਕ ਆਜ਼ਾਦ ਹੋਸੀ,
ਸਾਡੇ ਦਿਲਾਂ ਚੋਂ ਨਿਕਲਦੀ ਹਾ ਸਤਿਗੁਰ!
ਤੇਰੇ ਬਾਝ ਨਾ ਸਾਡੜਾ ਕੋਈ ਵਾਲੀ,
ਛੇਤੀ ਆਇਕੇ ਦਰਸ ਦਿਖਾ ਸਤਿਗੁਰ!
ਬੇੜਾ ਸ਼ਹੁ ਦਰਯਾ ਵਿਚ ਰੁੜ੍ਹੀ ਜਾਂਦਾ,
ਬੰਨੇ ਏਸ ਨੂੰ ਆਇਕੇ ਲਾ ਸਤਿਗੁਰ!
ਮੰਦਾ ਹਾਲ ਹੋਇਆ ਤੇਰੇ ਸੇਵਕਾਂ ਦਾ,
ਪਾਪੀ ਰਹੇ ਨੇ ਕਹਿਰ ਕਮਾ ਸਤਿਗੁਰ!

ਬਾਗ਼ੋ ਬਾਗ਼ ਹੀ ਗੁਰੂ ਦਾ ਬਾਗ਼ ਹੋਇਆ,
ਵਿਚ ਬੁਲਬੁਲਾਂ ਸੋਹਣੀਆਂ ਜਾਂਦੀਆਂ ਸੀ!
ਰਾਖੀ ਆਪਣੇ ਬਾਗ਼ ਦੀ ਕਰਨ ਖਾਤਰ,
ਡਾਗਾਂ ਵਿਚ ਮੈਦਾਨ ਦੇ ਖਾਂਦੀਆਂ ਸੀ!
ਲੱਗੇ ਫੱਟ ਸੰਗੀਨਾਂ ਦੇ ਬਹੁਤ ਭਾਰੀ,

ਮੁਖੋਂ ਸੀ ਨਾ ਰਤਾ ਸੁਨਾਂਦੀਆਂ ਸੀ!
ਕਹਿਣ ਸ਼ੁਕਰ ਹੈ ਸ਼ੁਕਰ ਹੈ ਸ਼ੁਕਰ ਤੇਰਾ,
ਏਹੋ ਜਹੇ ਹੀ ਸ਼ਬਦ ਅਲਾਂਦੀਆਂ ਸੀ!

—o—

"ਸੂਰਾ ਸੋਈ ਪਹਿਚਾਨੀਏ" ਖਾਲਸਾ ਜੀ,
"ਲਰੇ ਦੀਨ ਕੇ ਹੇਤ" ਫੁਰਮਾਂਦੀਆ ਸੀ!
ਲਗੀ ਜਦੋਂ ਪਿਆਸ ਫੇਰ ਬੁਲਬੁਲਾਂ ਨੂੰ,
ਵਿਚ ਛਪੜਾਂ ਦੇ ਗੋਤੇ ਖਾਂਦੀਆਂ ਸੀ!
ਓਧਰ 'ਬੀਟੀ' ਵੀ ਸੀਟੀ ਵਜਾਇ ਦਿਹਾ,
ਏਧਰ "ਸ੍ਰੀ ਅਕਾਲ" ਗਜਾਂਦੀਆਂ ਸੀ!
ਉਧਰ ਜ਼ੁਲਮ ਦਾ ਗਰਮ ਬਾਜ਼ਾਰ ਹੋਇਆ,
ਏਧਰ ਸ਼ਾਂਤ ਹੀ ਸ਼ਾਂਤ ਰਖਾਂਦੀਆਂ ਸੀ!

—8-○o○-8—

ਪਾਪੀ ਜਾਲ ਵਛਾਇਕੇ ਇਨ੍ਹਾਂ ਫੜਦੇ,
ਅਗੋਂ ਬੁਲਬੁਲਾਂ ਨਹੀਂ ਘਬਰਾਂਦੀਆਂ ਸੀ!
ਡਾਂਗਾਂ ਪੈਂਦੀਆਂ ਮੀਂਹ ਦੇ ਵਾਂਗ ਭਾਈ,
ਵਾਹਵਾ ਜਾਇਕੇ ਹੱਠ ਨਿਭਾਂਦੀਆ ਸੀ!
ਕਲਗੀ ਵਾਲਿਆ ਸੂਰਮੇ ਬੀਰ ਤੇਰੇ,
ਸਿਰ ਉਤੇ ਸਹਾਰਦੇ ਦੁਖ ਸਤਿਗੁਰ!
ਅੱਨ ਪਾਨੀ ਨਾ ਮਿਲੇ ਉਡਾਰੂਆ ਵੇ,
ਡਾਢੀ ਆਣ ਸਤਾਂਵਦੀ ਭੁਖ ਸਤਿਗੁਰ!

—○-o-○—

# ਗੁਰੂ ਪੰਥ ਨੂੰ ਦਾਸ ਵਲੋਂ ਪ੍ਰੇਰਨਾ

## ਨਾਭੇ ਵਲ ਤੂੰ ਮੋਰਚਾ ਲਾ ਪੰਥਾ !

ਕੌਮੇ ਭੋਲੀਏ ਝੱਟ ਕਰ ਖੋਹਲ ਅੱਖੀਂ,
ਏਹ ਕੀ ਹੋਣ ਲਗਾ ਮੰਦਾ ਹਾਲ ਤੇਰਾ !
ਕੀ ਤੁਸਾਂ ਨੇ ਅੱਜ ਵਿਚਾਰ ਕੀਤਾ,
ਫੜਿਆ ਜ਼ਾਲਮਾਂ ਨੇ ਵਾਲ ਵਾਲ ਤੇਰਾ !
ਆਇਓਂ ਵਿਚ ਸਕੰਜੇ ਦੇ ਬੁਰਾ ਡਾਹਢਾ,
ਚੌਂਹ ਪਾਸਿਆਂ ਤੋਂ ਆਇਆ ਕਾਲ ਤੇਰਾ !
ਛੇਤੀ ਸੋਚ ਕਰ ਅਜੇ ਵੀ ਹਈ ਵੇਲਾ,
ਰੈਹਨਾ ਹੋਊਗਾ ਕਠਨ ਮੁਹਾਲ ਤੇਰਾ !

---

ਲੱਗਾ ਉੱਕਾ ਹੀ ਖਾਤਮਾ ਹੋਣ ਤੇਰਾ,
ਮਾਰੋ ਨਾਭੇ ਦੇ ਵੱਲ ਧਿਆਨ ਸਿੰਘੋ !
ਅੱਜ ਖੁਸ ਚਲੇ ਸਾਡੇ ਰਾਜਵਾੜੇ,
ਮਿਟਨ ਲੱਗਾ ਹੈ ਨਾਮੋ ਨਿਸ਼ਾਨ ਸਿੰਘੋ !
ਅੱਖੀਂ ਰੜਕਦਾ ਸੀ ਸਾਡਾ ਰਾਜਵਾੜਾ,
ਸੱਚਾ ਜਿਸਦਾ ਧੱਰਮ ਈਮਾਨ ਸਿੰਘੋ !
ਦੁਖੀ ਹੋਣ ਲਗਾ ਨਹੀਂ ਇਕ ਨਾਭਾ,
ਦੁਖੀ ਹੋਣ ਲਗਾ ਹਿੰਦੁਸਤਾਨ ਸਿੰਘੋ !
ਲਗੂ ਮੋਰਚਾ ਗੁਰੂ ਦੇ ਬਾਗ ਵਾਂਗੂੰ,
ਅਸੀਂ ਜਾਵਾਂਗੇ ਸਣੇ ਪਰਵਾਰ ਵੇਖੀਂ !
ਅਗੇ ਦੇਖਿਆ ਗੁਰੂ ਕੇ ਬਾਗ ਸਾਨੂੰ,
ਹੁਣ ਨਾਭੇ ਜਾ ਸਿੰਘਾਂ ਦੀ ਕਾਰ ਦੇਖੀਂ !

## ਦੂਜੀਆਂ ਰਿਆਸਤਾਂ ਦੇ ਨਾਮ ਸੁਨੇਹਾਂ !

ਸੁਣੋਂ ਹੋਰ ਰਿਆਸਤਾਂ ਵਾਲਿਓ ਵੇ,
ਜੇ ਹੋ ਗਿਆ ਅਜ ਅਖੀਰ ਨਾਭਾ !
ਰਹਿਣੇ ਤੁਸਾਂ ਦੇ ਵੀ ਨਹੀਂ ਰਾਜਵਾੜੇ,
ਰੋ ਰੋ ਅੱਖੀਆਂ ਤੋਂ ਸੁਟੇ ਨੀਰ ਨਾਭਾ !
ਖੋਵੇ ਵਾਲ ਹੋ ਗਿਆ ਸ਼ੁਦਾਈ ਵੀਰੋ,
ਜੇ ਪੰਥ ਹੈ ਅੱਜ ਦਲਗੀਰ ਨਾਭਾ !
ਛੇਤੀ ਕਰੋ ਧਜਾਨ ਗੁਰੂ ਖਾਲਸਾ ਜੀ,
ਹੁਇ ਚਲਿਆ ਅੱਜ ਫਕੀਰ ਨਾਭਾ !

---o---

ਤਖਤੋਂ ਵਖਤ ਪਾਇਆ ਰੱਬ ਡਾਢੜੇ ਨੇ,
ਅਤੇ ਸੁਟਿਆ ਦੇਸ ਪਰਾਏ ਜਾਕੇ !
ਨਾਭੇ ਵਿਚ ਜੋ ਵਰਤਦਾ ਹਾਲ ਭਾਈ,
ਮਹਾਰਾਜ ਨੂੰ ਕੇਹੜਾ ਸੁਣਾਏ ਜਾਕੇ !
ਖੇਰੂ ਖੇਰੂ ਹੋ ਰੋ ਪਰਵਾਰ ਰਿਹਾ,
ਟਿੱਕੇ ਬਾਲ ਨੂੰ ਕੌਣ ਵਟਾਏ ਜਾਕੇ !
ਹੈ ਕੌਣ ਦਰਦੀ ਤੁਸਾਂ ਬਾਝ ਸਿੰਘੋ,
ਅੱਜ ਵਿਛੜੇ ਮੇਲ ਮਿਲਾਏ ਜਾਕੇ !

---o---

ਅੱਜ ਗਿਆ ਹੈ ਤੁਸਾਂ ਦਾ ਮਹਾਰਾਜਾ,
ਪਿਛੇ ਤੁਸਾਂ ਨੇ ਕੀ ਬਨਾਣਾ ਸਿੰਘੋ !
ਹੋ ਰਹੋ ਤਿਆਰ ਬਰ ਤਿਆਰ ਸਾਰੇ,
ਮੰਨ ਹੁਕਮ ਕਮੇਟੀ ਦਾ ਜਾਣਾ ਸਿੰਘੋ !

ਜਿਵੇਂ ਵਿਚ ਨਨਕਾਣੇ ਸ਼ਹੀਦ ਹੋਏ,
ਉਤੇ ਮਿੱਟੀ ਦਾ ਤੇਲ ਪਵਾਣਾ ਸਿੰਘੋ !
ਜਿਵੇਂ ਖਾਦੀਆਂ ਸੀ ਡਾਂਗਾਂ ਬਾਗ਼ ਅੰਦਰ,
ਤਿਵੇਂ ਆਪਣਾ ਹੱਠ ਨਭਾਣਾ ਸਿੰਘੋ !
ਨਹੀਂ ਛੱਡਨਾ ਆਪਣਾ ਰਾਜ ਧਰਮੀ,
ਕਬਜ਼ਾ ਜਿਸ ਤੇ ਅੱਜ ਜਮਾਈ ਬੈਠੋਂ !
ਗੁਰੂ ਘਰ ਨੂੰ ਜ਼ਾਲਮਾ ਹੱਥ ਪਾਕੇ,
ਸਮਝ ਆਪਣੀ ਕੁਲ ਗਵਾਈ ਬੈਠੋਂ !
ਸੱਚੇ ਸੁੱਚੇ ਮਹਾਰਾਜੇ ਦੇ ਤਖਤ ਉਤੇ,
ਕੇਹੜੀ ਕਰਕੇ ਨੇਕ ਕਮਾਈ ਬੈਠੋਂ !
ਤੈਨੂੰ ਚਾਹੀਦਾ ਹੋਸ਼ ਕਰ ਦਿਲ ਅੰਦਰ,
ਐਵੇਂ ਕੂੜ ਦਾ ਹੱਠ ਨਿਭਾਈ ਬੈਠੋਂ !

——੦—੦—੦——

ਪੁੱਤ ਪਿੱਤਾ ਦੇ ਨਾਲੋਂ ਵਿਛੋੜ ਦਿੱਤਾ,
ਨਾਲੇ ਮਾਂ ਵੀ ਉਸ ਦੀ ਰੋਂਵਦੀਏ !
ਖਾਣਾ ਪੀਵਣਾ ਉਸ ਨੂੰ ਸੁਝਦਾ ਨਹੀਂ,
ਪਈ ਹੰਝੂਆਂ ਹਾਰ ਪਰੋਂਵਦੀਏ !
ਬੌਰੀ ਹੋਇਕੇ ਪੱਤੀ ਦੇ ਵਾਂਗ ਲੋਕੋ,
ਵਾਲ ਆਪਣੇ ਸੀਸ ਦੇ ਖੋਂਵਦੀਏ
ਭੱਲਾ ਦਸੋ ਖ਼ਾਂ ਪੁਤਰਾਂ ਵਾਲਿਓ ਵੇ,
ਕੇਹੜੀ ਪੁਤ ਬਿਨਾਂ ਮਾਤਾ ਸੌਂਵਦੀਏ !

——੦—੦—੦——

ਜਦੋਂ ਲੱਗੂਗਾ ਮੋਰਚਾ ਵਿਚ ਨਾਭੇ,
ਸ਼ਹੀਦੀ ਦੱਲ ਵੇਖੀਂ ਗੱਜ ਵੱਜ ਜਾਊ !

ਹੁਕਮ ਪਾਇਕੇ ਗੁਰੂ ਕਰਤਾਰ ਸੰਦਾ,
ਪਹਿਲੋ ਸਭ ਨਾਲੋਂ ਗੜਗੱਜ ਜਾਊ!
ਨਹੀਂ ਡਰੇਗਾ ਵੈਰੀਆਂ ਜ਼ਾਲਮਾਂ ਤੋਂ,
ਚੰਗੀ ਕੱਢ ਵੇਖੀਂ ਸੱਜ ਧੱਜ ਜਾਊ!
ਬੁਢਾ ਬਾਲ ਤੂੰ ਵੇਖੀਂ "ਉਡਾਰੂਆ" ਵੇ,
ਨਾਭੇ ਵਿਚ ਕਿਵੇਂ ਭੱਜ ਭੱਜ ਜਾਊ!

## ਪਟਿਆਲੇ ਤੇ ਨੌਕਰਸ਼ਾਹੀ ਨੂੰ ਸਿਖਿਆ

ਕੀਤਾ ਜ਼ਾਲਮਾਂ ਜ਼ੁਲਮ ਫਕੀਰ ਨਾਭਾ,
ਪਈਆਂ ਦੇਸ ਦੇ ਵਿਚ ਦੁਹਾਈਆਂ ਨੇ!
ਹਾਹਾ ਕਾਰ ਮੱਚੀ ਸਾਰੇ ਦੇਸ ਅੰਦਰ,
ਹਰ ਇਕ ਨੂੰ ਜ਼ਰਦੀਆਂ ਛਾਈਆਂ ਨੇ!
ਖਾਣਾ ਪੀਵਣਾ ਕੁਲ ਨੂੰ ਭੁਲ ਗਿਆ,
ਕੀਤਾ ਸੋਗ ਸਾਰੇ ਮਾਈਆਂ ਭਾਈਆਂ ਨੇ!
ਬੇੜਾ ਉਨ੍ਹਾਂ ਦਾ ਵੀ ਕਰੀਂ ਗ਼ਰਕ ਰੱਬਾ,
ਜਿਨਾਂ ਝੂਠੀਆਂ ਲੂਤੀਆਂ ਲਾਈਆਂ ਨੇ!
ਹੁਣ ਉਡ "ਉਡਾਰੂਆ" ਨਾਲ ਛੇਤੀ,
ਲੈ ਖਾਂ ਨਾਭੇ ਦੀ ਚੱਲਕੇ ਸਾਰ ਤੂੰ ਭੀ!
ਰਿਹੋਂ 'ਜੇਹਲ ਅੰਦਰ' ਗ਼ੁਰੂ ਬਾਗ ਵੇਲੇ,
ਹੁਣ ਜਾਇਕੇ ਖਾ ਲੈ ਮਾਰ ਤੂੰ ਭੀ!

ਬਾਦਸ਼ਾਹੀ ਕਰਾਂਵਦਾ ਕੰਗਲੇ ਤੋਂ,
ਬਾਦਸ਼ਾਹ ਤੋਂ ਭੀਖ ਮੰਗਾਈਆਂ ਨੇ!

ਤੂੰ ਬੇਅੰਤ ਹੈਂ ਅੰਤ ਨਾਂ ਕੋਈ ਤੇਰਾ,
ਵਾਹ ਵਾਹ ਤੇਰੀਆਂ ਬੇ ਪਰਵਾਹੀਆਂ ਨੇ !
ਜਦੋਂ ਆਨ ਬਨਦੀ ਤੇਰੇ ਸੇਵਕਾਂ ਤੇ,
ਸਿਰ ਮੰਨਦੇ ਰੱਬ ਰਜ਼ਾਈਆਂ ਨੇ
ਲੈ ਪਟਿਆਲਿਆ ਤੂੰ ਭੀ ਹੋਸ਼ ਕਰ ਲੈ,
ਕੱਲ ਨੂੰ ਵਾਰੀਆਂ ਤੇਰੀਆਂ ਆਈਆਂ ਨੇ
ਜੇ ਤੂੰ ਕਿਸੇ ਦਾ ਘਰ ਵੈਰਾਨ ਕੀਤਾ,
ਹੋਵੇ ਆਤਮਾ ਸੱਦਾ ਖੁਆਰ ਤੇਰਾ !
ਨਾਭਾ ਪੱਤੀ ਨੂੰ ਜਿਵੇਂ ਵਛੋੜਿਆ ਈ,
ਵਿੱਛੜ ਜਾਏਗਾ ਤਿਵੇਂ ਪਰਵਾਰ ਤੇਰਾ !

—੦ ੦ ੦—

ਓਇ ਪਟਿਆਲਿਆ ਪਿਟੇਂਗਾ ਵਾਰ ਢਾਈਂ,
ਕਰਮ ਆਪਣੇ ਦਾ ਫਲ ਪਾਏਂਗਾ ਤੂੰ !
ਤੈਨੂੰ ਜ਼ਾਲਮਾ ਅਜਿਹਾ ਕੰਗਾਲ ਕਰਨਾ,
ਘਰਘਰ ਭਿਛਆਵੀ ਮੰਗਨ ਜਾਏਂਗਾ ਤੂੰ !
ਨਹੀਂ ਲਭਨਾ ਤੁਧ ਦਾ ਬਾਲ ਬਚਾ,
ਟੋਟੇ ਜਿਗਰ ਦੇ ਵੱਖ ਕਰਾਏਂਗਾ ਤੂੰ !
ਮੇਰੀ ਲਾਜ ਰਖੋ ਤੁਸੀਂ ਖਾਲਸਾ ਜੀ,
ਹੱਥ ਜੋੜ ਪੱਲਾ ਗੱਲ ਪਾਏਂਗਾ ਤੂੰ !
ਫਾਇਦੇ ਕੀ ਕੀਤੇ ਅਸਾਂ ਨਾਲ ਏਹਨਾਂ,
ਸੁਣੋਂ ਸਜਣੋਂ ਜ਼ਰਾ ਧਿਆਨ ਕਰਕੇ !
ਖਾਧਾ ਧੋਖਾ ਨਾ ਅਸਾਂ ਨੇ ਵੈਰੀਆਂ ਥੋਂ,
ਲੜੇ ਜਾਇਕੇ ਤੱਲੀ ਤੇ ਜਾਨ ਧਰਕੇ !

ਓਇ ਜ਼ਾਲਮਾਂ ਵੰਗੀਆ ਢੰਗ ਕਰਕੇ,
ਤੇਰੇ ਜਹੇ ਕਈ ਦੱਗਾ ਕਮਾਂਵਦੇ ਰਹੈ।
ਸੋਹਣੇ ਗੁਰਾਂ ਦੇ ਸੂਰਮੇ ਲਾਲ ਬਾਂਕੇ,
ਯੂਰਪ ਜੰਗ ਅੰਦਰ ਗੋਲੀ ਖਾਂਵਦੇ ਰਹੇ।
ਲੜੇ ਤੋੜ ਕੇ ਜਾਨ ਨਾ ਪਿੱਠ ਦਿੱਤੀ,
ਮਾਰ ਵੈਰੀਆਂ ਮੂੰਹ ਭੁਆਂਵਦੇ ਰਹੇ।
ਵੇਖੋ ਕੋਤ ਦੇ ਮੋਰਚੇ ਵਿਚ ਜਾ ਕੇ,
ਖਾ ਖਚਰਾਂ ਝੱਟ ਟਪਾਂਵਦੇ ਰਹੇ।
ਜਿੱਥੇ ਤੁਸਾਂ ਨੂੰ ਹੋਵੈ ਤਕਲੀਫ ਜੇਕਰ,
ਜਾਕੇ ਆਪਨਾ ਖੂੰਨ ਵਹਾਂਵਦੇ ਰਹੇ।
ਹਥੀਂ ਆਪਨੀ ਕਰ ਪਰਵਾਰ ਭਰਤੀ,
ਖੁਸ਼ੀ ਹੋਇਕੇ ਜੰਗ ਪੁਚਾਂਵਦੇ ਰਹੇ।
ਅਸੀ ਦਿਆਂਗੇ ਤੁਸਾਂ ਨੂੰ ਹਕ ਸਾਰੇ,
ਓਦੋਂ ਤੁਸੀ ਏਹ ਸਾਨੂੰ ਸੁਨਾਂਵਦੇ ਰਹੇ।
ਓਹ ਸੁਖ ਮਿਲਿਆ ਨਾਭੇ ਵਿਚ ਸਾਨੂੰ,
ਏਸੇ ਵਾਸਤੇ ਗਲੇ ਕਟਾਂਵਦੇ ਰਹੇ।

—o—

ਪਿਆ ਨਾਭੇ ਦੇ ਵਿਚ ਹਨੇਰ ਲੋਕੇ,
ਜਦੋਂ ਜ਼ਾਲਮਾਂ ਕੈਹਰ ਕਮਾਇਆ ਸੀ।
ਨਰ ਨਾਰ ਰੂੰਨੇ ਸਾਰੇ ਮਾਰ ਢਾਈਂ,
ਅਗੇ ਰੱਬ ਦੇ ਵਾਸਤਾ ਪਾਇਆ ਸੀ।
ਧਰਮੀ ਚਲਿਆ ਹੋ ਫਕੀਰ ਤੇਰਾ,
ਭਲਾ ਏਸ ਨੇ ਕੀ ਗਵਾਇਆ ਸੀ।
ਹਾਹਾਕਾਰ ਮਚੀ ਸਾਰੇ ਦੇਸ ਅੰਦਰ,

ਜਦੋਂ ਪਾਪੀਆਂ ਗਦੀ ਤੋਂ ਲਾਹਿਆ ਸੀ !
ਲਾ ਲੈ ਲਗਦਾ ਜਿਤਨਾਂ ਜ਼ੋਰ ਤੇਰਾ,
ਭਾਵੇਂ ਪਾਦੇ ਵਖਤ ਤੇ ਵਖਤ ਉਤੇ !
ਗਜ ! ਵੱਜ ਕੇ ਪਾ "ਗੱੜਗਜ" ਦੇਣੀ,
ਨਾਭਾ ਪਤੀ ਬਠਾਣਾ ਹੈ ਤਖਤ ਉਤੇ !

—o—

## ਮਹਾਰਾਜਾ ਨਾਭਾ ਦੀ ਗ੍ਰਿਫਤਾਰੀ

ਨਾਭੇ ਵਿਚੋਂ ਬਾਹਰ ਨੌਕਰ ਸ਼ਾਹੀ ਨੂੰ ਕਢਾ ਦਿਓ

ਖ਼ੁਸ ਗਿਆ ਨਾਭਾ ਤੇ ਦੁਆਬਾ ਕਦੋਂ ਰਹਿਨ ਲਗਾ,
ਰੱਜ ਵੱਜ ਕੰਨਾਂ ਤਾਂਈਂ ਵਾਜ ਏਹ ਪੁਚਾ ਦਿਓ !
ਖੁਸੇ ਜਦੋਂ ਰਾਜਵਾੜੇ ਹੋਵਾਂਗੇ ਸ਼ਹੀਦ ਅਸੀਂ,
ਏਸ ਦਾ ਕੀ ਡਰ ਕੰਨ ਖੋਲ੍ਹਕੇ ਸੁਣਾਦਿਓ !
ਜਾਊਗਾ ਸ਼ਹੀਦੀ ਦਲ ਗੁਰੂ ਜੀਦੇ ਬਾਗ਼ ਵਾਂਗੂ,
ਭਾਵੇਂ ਉਤੇ ਜਾਂਦਿਆਂ ਦੇ ਗੋਲੀਆਂ ਚਲਾ ਦਿਓ !
ਛੇਤੀ ਕਰੋ ਹੋਸ਼ ਵੇਲਾ ਨਹੀਂ ਜੇ ਉਡੀਕਣੇ ਦਾ,
ਨਾਭੇ ਵਿਚੋਂ ਬਾਹਰ ਨੌਕਰਸ਼ਾਹੀ ਨੂ ਕਢਾ ਦਿਓ !

—+-○-o-○-+—

## ਮਹਾਰਾਜਾ ਨਾਭਾ ਵਲੋਂ ਪੰਥ ਅਗੇ ਅਪੀਲ

ਕਰਾਂ ਅਰਜ਼ ਮੈ ਗੁਰੂ ਦੇ ਪੰਥ ਅਗੇ,
ਹੋਈਂ ਆਣਕੇ ਮੇਰਾ ਸਹਾਈ ਪੰਥਾ !
ਏਥੇ ਵਾਹ ਨ ਚਲਦੀ ਕੋਈ ਮੇਰੀ,
ਇਨ੍ਹਾਂ ਜ਼ਾਲਮਾਂ ਨੇ ਲੂਤੀ ਲਾਈ ਪੰਥਾ !
ਇਕ ਮੇਰੇ ਉਤੋਂ ਦੁਖੀ ਕੌਮ ਹੋਈ,

ਸੁਣਿਆਂ ਪੈਂ ਗਈ ਦੇਸ ਦੁਹਾਈ ਪੰਥਾ!
ਨਾਭਾ ਘਰ ਤੇਰਾ ਤੇਰੇ ਗੁਰੂ ਜੀ ਦਾ,
ਨਾਭੇ ਵਲ ਛੇਤੀ ਛੇਤੀ ਜਾਈਂ ਪੰਥਾ!
ਮੈਂ ਰਖਾਂਗਾ ਆਪਣਾ ਸਿਦਕ ਪੂਰਾ,
ਜੇਕਰ ਗੁਰੂ ਨੇ ਪੱਤ ਰਖਾਈ ਪੰਥਾ!
ਵਜਨ ਗੋਲੀਆਂ ਤੇ ਭਾਵੇਂ ਦੇਨ ਗੋਤੇ,
ਜਾਇਓ ਕਰਕੇ ਬੇ ਪ੍ਰਵਾਹੀ ਪੰਥਾ!
ਜੇਹੀ ਕੀਤੀ ਹੈ ਜ਼ਾਲਮਾਂ ਨਾਲ ਮੇਰੇ,
ਦੇਊ ਜ਼ਿਮੀ ਅਸਮਾਨ ਗਵਾਹੀ ਪੰਥਾ!
ਮੰਨ ਅਰਜ਼ "ਉਡਾਰੂ" ਦੀ ਖਾਲਸਾ ਜੀ,
ਨਾਭੇ ਵਲ ਜਾਣਾ ਮਾਈ ਭਾਈ ਪੰਥਾ!

ਬੁਲ ਬੁਲ ਬਾਗਦੀ ਅਜ ਉਦਾਸ ਹੋਈ,
ਬੰਦੀ ਖਾਨੇ ਅੰਦਰ ਵਾਜਾਂ ਮਾਰਦੀ ਜੇ!
ਪਾਇਆ ਜ਼ਾਲਮਾਂ ਨੇ ਜਾਲ ਬੁਰਾ ਡਾਢਾ,
ਸਿਰ ਆਪਣੇ ਦੁਖ ਸਹਾਰਦੀ ਜੇ!
ਵਿਛੜ ਗਈ ਜੇ ਆਪਣੀ ਡਾਰ ਵਿਚੋਂ,
ਰੋ ਰੋ ਉਚੀਆਂ ਬਾਹਾਂ ਉਲਾਰਦੀ ਜੇ!
ਤਨ, ਮਨ, ਅਤੇ ਧਨ ਖਾਲਸਾ ਜੀ,
ਸਿੱਖ ਕੌਮ ਤੇ ਧਰਮ ਤੋਂ ਵਾਰ ਦੀ ਜੇ!
ਹਾਇ ਹਾਇ ਪੁਕਾਰ ਦੀ ਭੁਲ ਦੁਨੀਆਂ,
ਕਰੋ ਸਜਣੋ ਝਟ ਉਪਾਓ ਕੋਈ!
ਕੇਹੜੀ ਗਲ ਬਦਲੇ ਐਨੀ ਦੇਰ ਲਾਈ,
ਕੂੰਜ ਵਿਛੜੀ ਡਾਰੋਂ ਮਿਲਾਓ ਕੋਈ!

# ਹਿੱਸਾ ਦੂਜਾ

ਸੂਰਾ ਸੋ ਪੈਹਚਾਨੀਏ ਜੋ ਲਰੇ ਦੀਨ ਕੇ ਹੇਤ।
ਪੁਰਜਾ ੨ ਕਟ ਮਰੇ ਕਬਹੂ ਨਾ ਛਾਡੇ ਖੇਤ॥

(ਬੈਂਤ)

ਵੇਖੋ ਗੁਰ ਦੀ ਬੰਦਗੀ ਕਰਨ ਵਾਲੇ,
ਅੱਜ ਰਹੇ ਨੇ ਜ਼ੁਲਮ ਸਾਰ ਸਹਾਰੇ।
ਕੀ ਲਿਖਾਂ ਮੈਂ ਲਿਖਣ ਦੀ ਵਾਹ ਨਾਹੀਂ,
ਹੈ ਭੰਨ ਸੁਟੇ ਹੱਡ ਮਾਰ ਸਾਡੇ।
ਨਾਭਾ ਪਤੀ ਦੇ ਵਲ ਧਿਆਨ ਦੇਵੋ,
ਕਿਥੇ ਗਏ ਨੇ ਹੋਰ ਸਰਦਾਰ ਸਾਡੇ।
ਛੇਤੀ ਠੇਲਦੇ ਨਹੀਂ ਦਰਯਾ ਡੂੰਘਾ,
ਬੇੜੇ ਗੁਰੂ ਜੀ ਕਰਨਗੇ ਪਾਰ ਸਾਡੇ।

ਹਿੱਸਾ ਪੈਹਲਾ ਵੀ ਕਈਆਂ ਨੇ ਨਹੀਂ ਪੜ੍ਹਿਆ,
ਪੜ੍ਹਨਾਂ ਓਸਦਾ ਚਾਹੀਦਾ ਹਾਲ ਬੇਲੀ।
ਨਨਕਾਣਾ ਸਾਹਿਬ ਤੇ ਜੱਲੇ ਹੈ ਬਾਗ ਗੁਰਦਾ,
ਕੀ ਕੂੰ ਹੋਈ ਸੀ ਸਿੰਘਾਂ ਦੇ ਨਾਲ ਬੇਲੀ।
ਝੰਗ ਜੇਲ੍ਹ ਦੇ ਦੁਖੜੇ ਪੜ੍ਹੋ ਹੋਣੇ,
ਸਿੱਦਕ ਸਿੰਘਾਂ ਦਾ ਵਿਚ ਕਮਾਲ ਬੇਲੀ।
ਜ਼ੁਲਮ ਜ਼ੁਲਮ ਹੀ ਜ਼ੁਲਮ ਹੀ ਜ਼ੁਲਮ ਹੋਇਆ,
ਨਾਭਾ ਚਲਿਆ ਲੋ ਸੰਭਾਲ ਬੇਲੀ।

## ਕੀਤਾ ਜ਼ਾਲਮਾਂ ਅਤਯਾਚਾਰ ਸਾਈਆਂ

ਤੜਫ ਤੜਫ ਮੋਏ ਬਚੇ ਹਿੰਦੀਆਂ ਦੇ,
ਮਾਰੇ ਜ਼ਾਲਮਾਂ ਕਰ ਖਵਾਰ ਸਾਈਆਂ।
ਪੈਂਦੀ ਜ਼ਾਲਮਾਂ ਦੀ ਗੋਲੀ ਮੀਂਹ ਵਾਂਗੂੰ,
ਅਗੇ ਭੁੱਜ ਰਹੇ ਵਾਂਗ ਜਵਾਰ ਸਾਈਆਂ।
ਕਿਧਰੇ ਤੇਲ ਪਾਕੇ ਫੂਕੇ ਨਾਲ ਜੇਡਾਂ,
ਦਿਤੇ ਭੱਠੀਆਂ ਦੇ ਵਿਚ ਡਾਰ ਸਾਈਆਂ।
ਕਿਸੇ ਸੁਣੀਂ ਨਾ ਸਾਡੀ ਦੁਹਾਈ ਉਦੋਂ,
ਕੀਤੀ ਅੱਜ ਲਚਾਰ ਪੁਕਾਰ ਸਾਈਆਂ।

—o-⁐-o—

ਦੇਖੋ ਲਾਇਕੇ ਪਾਪੀਆਂ ਮਾਰਸ਼ਲ ਲਾ,
ਸੁਟੇ ਜੇਲ੍ਹਾਂ ਵਿਚ ਬੀਰ ਹਜ਼ਾਰ ਸਾਈਆਂ।
ਲੱਖਾਂ ਘਲ ਦਿਤੇ ਕਾਲੇ ਪ੍ਰਾਣੀਆਂ ਨੂੰ,
ਲੱਖਾਂ ਚਾਹੜ ਫਾਂਸੀ ਦਿੱਤੇ ਮਾਰ ਸਾਈਆਂ।
ਹੋਈਆਂ ਕੁਰਕੀਆਂ ਬੁਰਕੀਆਂਗਈਆਂਮੂੰਹੋਂ,
ਕੀਤਾ ਜ਼ਾਲਮਾਂ ਅਤਯਾਚਾਰ ਸਾਈਆਂ।
ਦੁਖੀ ਹੋਇਕੇ ਰੋਇਕੇ ਤੁਧ ਅੱਗੇ,
ਕੀਤੀ ਅੱਜ ਲਚਾਰ ਪੁਕਾਰ ਸਾਈਆਂ।

—o—

ਨਾਲ ਘੋੜਿਆਂ ਖੇਤ ਉਜਾੜ ਕੇ ਤੇ,
ਨਾਲੇ ਲੁੱਟ ਲੀਤੇ ਘਰ ਬਾਰ ਸਾਈਆਂ।
ਵਾਂਗ ਹਲਕਿਆਂ ਦੇ ਫਿਰੇ ਘਰਾਂ ਅੰਦਰ,
ਧਾਈਂ ਮਾਰ ਰੁੰਨੇ ਨਰ ਨਾਰ ਸਾਈਆਂ।

ਚੰਗੀ ਆਣਕੇ ਸਾਂਝ ਵਿਖਾਈ ਸਾਨੂੰ,
ਸਤਰ ਸਾਲ ਦੇ ਬਣੇ ਜੋ ਯਾਰ ਸਾਈਆਂ।
ਹੱਥ ਜੋੜਕੇ ਰੋੜ੍ਹਕੇ ਘਰ ਸਾਰੇ,
ਕੀਤੀ ਅੱਜ ਲਖਵਾਰ ਪੁਕਾਰ ਸਾਈਆਂ।

—o—

ਲੈਕੇ ਕੁੰਜੀਆਂ ਸ੍ਰੀ ਦਰਬਾਰ ਦੀਆਂ,
ਕੀਤਾ ਉਦੋਂ ਵੀ ਸਾਨੂੰ ਖਵਾਰ ਸਾਈਆਂ।
ਦੇ ਕੁੰਜੀਆਂ ਸਾਡੀਆਂ ਹੱਥ ਸਾਡੇ,
ਅਸਾਂ ਕਿਹਾ ਸੀ ਨਾਲ ਪਿਆਰ ਸਾਈਆਂ।
ਸਿੱਧੇ ਹਥੀਂ ਨਾਂ ਬਣੇ ਏਹ ਮਿਤ ਕੋਈ,
ਲਓ ਦਿਲ ਦੇ ਵਿਚ ਵਿਚਾਰ ਸਾਈਆਂ।
ਰੱਜ ਵੱਜਕੇ ਲੈਣੀਆਂ ਚਾਬੀਆਂ ਨੇ,
ਕਿਹਾ ਅਸਾਂ ਨੇ ਸੀ ਪੁਕਾਰ ਸਾਈਆਂ।

—o—

ਲੈਕੇ ਚਾਬੀਆਂ ਆਏ ਸੀ ਘਰ ਸਾਡੇ,
ਨਾਲੇ ਆਖਦੇ ਸੀ ਬਾਰ ਬਾਰ ਸਾਈਆਂ।
ਮਾਫੀ ਮੰਗਦੇ ਹਾਂ ਅਸੀ ਖਾਲਸਾ ਜੀ,
ਬਖਸ਼ਨਹਾਰਸਾਈਆਂ ਬਖਸ਼ਨਹਾਰਸਾਈਆਂ।
ਕਿਧਰ ਮਾਫੀ ਮੰਗੀ ਆਕੇ ਪਾਜੀਆਂ ਨੇ,
ਕਿਧਰੇ ਸੀਸਤੋਂ ਲਾਹੀ ਦਸਤਾਰ ਸਾਈਆਂ।
ਲਥੀ ਜਦੋਂ ਦਸਤਾਰ ਅੰਧੇਰ ਪਿਆ,
ਕੀਤੀ ਅਸਾਂ ਨੇ ਫੇਰ ਪੁਕਾਰ ਸਾਈਆਂ।

—o—

ਸਾਕਾ ਸੱਜਰਾ ਗੁਰੂ ਦੇ ਬਾਗ ਵਾਲਾ,

ਕਈ ਮਾਰੇ ਗਏ ਫਟੜ ਹਜ਼ਾਰ ਸਾਈਆਂ।
ਕੇੜ੍ਹਾ ਮੁਲਕ ਹੈ ਜਿਥੇ ਨਾਂ ਖਬਰ ਹੋਈ,
ਖਬਰਾਂ ਹੋ ਗਈਆਂ ਕੁਲ ਸੰਸਾਰ ਸਾਈਆਂ।
ਇਕ ਇਕ ਨੂੰ ਮਾਰਦੇ ਰਹੇ ਪੰਜੀ,
ਖੂੰਨ ਚਲਦਾ ਵਾਂਗ ਫੁਹਾਰ ਸਾਈਆਂ।
ਰੱਖੀਂ ਆਨ ਸਾਨੂੰ ਕਲਗੀ ਵਾਲਿਆ ਤੂੰ,
ਕੀਤੀ ਅਸਾਂ ਨੇ ਫੇਰ ਪੁਕਾਰ ਸਾਈਆਂ।

—o—

ਦੇਸ ਦੇਸ ਦੇ ਵਿਚ ਦੁਹਾਈ ਪੈ ਗਈ,
ਲੋਕੀ ਰਹੇ ਰੋਂਦੇ ਜ਼ਾਰੋ ਜ਼ਾਰ ਸਾਈਆਂ।
ਆਏ ਦੇਸ ਪ੍ਰਦੇਸ ਤੋਂ ਚੱਲ ਸਾਰੇ,
ਹੁੰਦੇ ਦੇਖ ਨਿਰਦੋਸਾਂ ਤੇ ਵਾਰ ਸਾਈਆਂ।
ਮਾਰ ਮਾਰ ਕੇ ਕਰ ਬੇਹੋਸ਼ ਦੇਂਦੇ,
ਦੇਂਦੇ ਛਪੜਾਂ ਦੇ ਵਿਚ ਡਾਰ ਸਾਈਆਂ।
ਜਿੰਦ ਵਾਰਕੇ ਬਾਗ "ਅਜ਼ਾਦ" ਕੀਤਾ,
ਕੀਤੀ ਅਸਾਂ ਨੇ ਫੇਰ ਪੁਕਾਰ ਸਾਈਆਂ।

—o-8-o—

ਲੈ ਨਾਂ ਪ੍ਰੀਖਿਆ ਹੁਣ ਸਾਡੀ,
ਨਾਭਾ ਵਲ ਤੂੰ ਮੋੜ ਮੁਹਾਰ ਸਾਈਆਂ।
ਨਹੀਂ ਰਹੇ ਅਸੀਂ ਚੱਕੀ ਪੀਹਣ ਜੋਗੇ,
ਬਾਹਵਾਂ ਥੱਕ ਕੇ ਹੋਈਆਂ ਬੀਮਾਰ ਸਾਈਆਂ।
ਜਨੂੰ ਗੱਦੀ ਤੇ ਤੁਸਾਂ ਬਠਾਇਆ ਸੀ,
ਦਿੱਤਾ ਗੱਦੀਓਂ ਓਹਨੂੰ ਉਤਾਰ ਸਾਈਆਂ।
ਜੇ ਵੱਜ ਕੇ ਪਾ "ਗੜਗੱਜ" ਦੇਣੀ,

ਕੀਤੀ ਅਸਾਂ ਨੇ ਫੇਰ ਪੁਕਾਰ ਸਾਈਆਂ

—o—

## ਨੌਕਰਸ਼ਾਹੀ ਨੂੰ ਚੈਲੰਜ

ਨਾਭਾ ਪਤੀ ਬਿਠਾ ਦੇ ਤਖਤ ਉਤੇ,
ਨਹੀਂ ਤਾਂ ਖਾਲਸੇ ਦਾ ਲਲਕਾਰ ਵੇਖੀਂ।
ਜੜ੍ਹਾਂ ਪੁਟਕੇ ਤੇਰੀਆਂ ਪਾਪੀਆ ਓਏ,
ੱਟਣ ਸ਼ਹੁ ਦਰਜਾ ਵਿਚਕਾਰ ਦੇਖੀਂ।
ਜੇੜ੍ਹੀ ਜੇਹਲ ਤੋਂ ਪਿਆ ਡਰਾਵਨਾਏਂ,
ਅਸੀ ਸਮਝਾਂਗੇ ਮੌਜ ਬਹਾਰ ਦੇਖੀਂ।
ਗੱਜ ਵੱਜਕੇ ਪਾਜੀਆ ਆਖਦੇ ਹਾਂ,
ਨਾਭਾ ਬੈਠੂ ਗਾ ਨਾਭੇ ਦਰਬਾਰ ਦੇਖੀਂ।
ਤੇਰੇ ਜਹੇ ਕਈ ਲੱਖਾਂ ਹੀ ਹੋ ਗੁਜ਼ਰੇ,
ਛੱਡ ਗਏ ਨੇ ਕੁਲ ਜਹਾਨ ਸਾਲਾ।
ਰੋਂਦੇ ਜਾਣ ਵਲੈਤ "ਉਡਾਰਆ" ਵੇ,
ਸਾਡਾ ਛਡਕੇ ਹਿੰਦੁਸਤਾਨ ਸਾਰਾ।

—○-o-○—

(ਕਬਿਤ)

ਉਡਿਆ ਨਾ ਜਾਏ ਹਾਏ ਕਿਹਾ ਵੀ ਨਾ ਜਾਏ ਮੂੰਹੋਂ,
ਰੋ ਰੋ ਲੀੜੇ ਭੇਵੇਂ ਸਾਰੇ ਹੰਝੂਆਂ ਦੇ ਨਾਲ ਤੂੰ।
ਖੁਸੇ ਖੰਭ ਤੇਰੇ ਮੇਰੇ ਵਸ ਵੀ ਨਾ ਰਹੀ ਕੋਈ,
ਯੂਰੱਪ ਦੇ ਜੰਗ ਵਿਚ ਹੋਇਓਂ ਜਾ ਬਿਹਾਲ ਤੂੰ।
ਸਣੇ ਪਰਵਾਰ ਦਿੱਤਾ ਵਾਰ ਸਾਰਾ ਬਾਲ ਬਚਾ,
ਰਖਿਆ ਨਾ ਕੁਝ ਅੱਜ ਦੇਖ ਸਾਡਾ ਹਾਲ ਤੂੰ।

ਹੋਇਆ ਜੰਗ ਫਤਹ ਤੇ ਇਨਾਮ ਲਗੇ ਦੇਣ ਸਾਨੂੰ,
ਸਿੱਖ ਕੌਮ ਦੇਖ ਨਾਭਾ ਚਲਿਆ ਸੰਭਾਲ ਤੂੰ !

—o—

## ਇਕ ਰਾਹੀ ਤੇ ਬੁਲਬੁਲ ਦੇ ਸੁਵਾਲ ਜਵਾਬ !

[ ਰਾਹੀ ]

ਮੰਦਾ ਹਾਲ ਕਿਉਂ ਬੁਲਬੱਲੇ ਅੱਜ ਤੇਰਾ,
ਕਦੀ ਬਾਗ਼ ਦੇ ਵਿਚ ਸੁਹਾਂਵਦੀ ਸੇਂ !
ਕਿਸੇ ਨਾਲ ਨਾ ਵੱਟ ਵਿਰੋਧ ਤੇਰਾ,
ਨਹੀਂ ਕਿਸੇ ਦਾ ਕੁਝ ਗਵਾਂਵਦੀ ਸੈਂ !
ਜਦੋਂ ਨਾਲ ਸਈਆਂ ਖੇਡਣ ਜਾਂਵਦੀ ਸੈਂ,
ਵਾਹਵਾ ਸਈਆਂ ਅੰਦਰ ਸੋਭਾ ਪਾਂਵਦੀ ਸੈਂ !
ਅੱਜ ਪਿੰਜਰੇ ਵਿੱਚ ਕਿਉਂ ਆਨ ਫਸੀਓਂ,
ਦੱਸ ਕਿਸ ਦਾ ਦਿੱਲ ਦੁਖਾਂਵਦੀ ਸੈਂ !

[ਬੁਲਬੁਲ]

ਨਾਂ ਮੈਂ ਕਿਸੇ ਦਾ ਕੁਝ ਵਿਗਾੜਿਆ ਸੀ,
ਨਾ ਮੈਂ ਕਹਿਆ ਸੀ ਮੰਦਾ ਗਾਲ ਵੀਰਾ !
ਕਿਸੇ ਸੁਣੀ ਨਹੀਂ ਹਾਲ ਪੁਕਾਰ ਮੇਰੀ,
ਐਵੇਂ ਆਇਆ ਨਮਾਣੀ ਦਾ ਕਾਲ ਵੀਰਾ !
ਮੇਰੇ ਨਾਲ ਜੇ ਕੋਈ ਆਕੇ ਗਲ ਕਰਦਾ,
ਕਰਦੇ ਓਸ ਦਾ ਹਾਲ ਬਿਹਾਲ ਵੀਰਾ !
ਮਤਾਂ ਤੈਨੂੰ ਵੀ ਪਕੜ ਨਾ ਲੈਣ ਏਥੇ,
ਜਾ ਆਪਣਾ ਆਪ ਸੰਭਾਲ ਵੀਰਾ !

[ ਰਾਹੀ ]

ਸਾਰੀ ਖੋਲ੍ਹ ਕੇ ਦਸ ਖਾਂ ਗਲ ਮੈਨੂੰ,
ਐਵੇਂ ਕਰ ਨਾਂ ਦਿੱਲ ਦਲਗੀਰ ਬੁਲਬੁਲ !
ਦਿੱਲ ਨੂੰ ਦੇ ਧੀਰਜ ਰਖੀਂ ਹੌਂਸਲਾ ਤੂੰ.
ਬੱਸ ਡੋਲ੍ਹ ਨਾ ਅੱਖੀਓਂ ਨੀਰ ਬੁਲਬੁਲ !
ਖਬਰ ਦਿਆਂ ਜਾ ਕੇ ਤੇਰੇ ਮਾਲਕਾਂ ਨੂੰ,
ਦੇਖੀਂ ਅੰਵਦੇ ਪਾ ਵਹੀਰ ਬੁਲਬੁਲ !
ਜਦੋਂ ਦੇਖਿਆ ਪਿੰਜਰੇ ਵਿਚ ਤੈਨੂੰ,
ਲੂੰ ਲੂੰ ਹੋ ਗਿਆ ਸਰੀਰ ਬੁਲ_ਲ !

[ਬੁਲਬੁਲ]

ਲੈ ਮੈਂ ਦਸਦੀ ਖੋਹਲ ਕੇ ਗਲ ਸਾਰੀ,
ਸੁਣੀਂ ਲਾਇ ਕ ਜ਼ਰਾ ਧਿਆਨ ਵੀਰਾ !
ਇਕ ਦਿਨ ਮੈਂ ਖੇਡਦੀ ਵਿਚ ਸਈਆਂ,
ਚਿਟੇ ਬਗਲੇ ਤੁਰੇ ਸੀ ਜਾਨ ਵੀਰਾ !
ਮੈਂ ਉਨ੍ਹਾਂ ਦੀ ਨਹੀਂ ਪਰਵਾਹ ਕੀਤੀ,
ਜਾਂਦੇ ਉਡ ਕੋਈ ਸ਼ਿਤਾਨ ਵੀਰਾ !
ਮੇਰੇ ਆਹਲਣੇ ਜੋ ਨਿੱਤ ਬੈਠਦੇ ਸੀ,
ਵਿਚੋਂ ਹੋ ਬੈਠੇ ਬੇਈਮਾਨ ਵੀਰਾ !

[ਨਿਮਕ ਹਰਾਮ]

ਲੁਟ ਪੁਟ ਕੇ ਮੈਨੂੰ, ਬਰਬਾਦ ਕਰ ਕੇ,
ਭਜੇ ਬਗਲਿਆਂ ਦੇ ਵਲ ਜਾਨ ਵੀਰਾ !
ਮੇਰੇ ਫੜਣ ਖਾਤਰ ਰੱਲ ਮਿੱਲ ਸਭਨਾਂ,
ਦਿਤਾ ਆਇ ਕੇ ਜਾਲ ਸੀ ਤਾਨ ਵੀਰਾ !

[ਰਾਹੀ]

ਦੱਸੀ ਖੋਹਲ ਕੇ ਗਲ ਨਾ ਮੂਲ ਸਾਰੀ,
ਕਰਾਂ ਕਿਸ ਤਰਾਂ ਮੈਂ ਇਤਬਾਰ ਬੁਲਬੁਲ !
ਸਾਰੀ ਦੱਸ ਦੇ ਕੁਲ ਜੋ ਗਲ ਛੇਤੀ,
ਕਰੂੰ ਜਾਇ ਕੇ ਫੇਰ ਪੁਕਾਰ ਬੁਲਬੁਲ !
ਪੈਂਡਾ ਖੋਟਾ ਕੀਤਾ ਤੇਰੇ ਭਲੇ ਬਦਲੇ,
ਤੇਰੇ ਨਾਲ ਹੈ ਮੇਰਾ ਪਿਆਰ ਬੁਲਬੁਲ !
ਅਖਤਿਆਰ ਹੈ ਲਾਵਣਾ ਜ਼ੋਰ ਮੇਰਾ,
ਕਢੂ ਆਇਕੇ ਆਪ ਕਰਤਾਰ' ਬੁਲਬੁਲ !

[ਬੁਲਬੁਲ]

ਕਾਲੀ ਦੇਖ ਕੇ ਮੈਂ ਪਿਆਰ ਪਾਇਆ,
ਮੈਂ ਬੀ ਹਾਂ ਅਕਾਲ ਦੀ ਜਣੀ ਵੀਰਾ !
ਜਿੰਨੇ ਚਿਰ ਦਾ ਮੈਂ ਪਿਆਰ ਪਾਇਆ,
ਓਨੇ ਚਿਰ ਦੀ ਸਿਰ ਤੇ ਬਣੀ ਵੀਰਾ !
ਐਪਰ ਮੈਂ ਨਾ ਕੁਝ ਪਰਵਾਹ ਕੀਤੀ,
ਮੇਰੇ ਵਿਚ ਸੀ ਧਰਮ ਦੀ ਕਣੀ ਵੀਰਾ !
ਅਖਤਿਆਰ ਨਾ ਤੇਰੇ ਨਾ ਕੁਝ ਮੇਰੇ,
ਮਹਿਮਾ ਕਿਨ ਅਕਾਲ ਦੀ ਗਣੀ ਵੀਰਾ !

[ਰਾਹੀ]

ਮੈਂ ਵੀ ਹਾਂ ਅਕਾਲੀ ਤੇ ਭੇਸ ਦੂਜਾ,
ਪਾਈ ਹੇਠੋਂ ਦੀ ਅਜ ਕ੍ਰਿਪਾਨ ਬੁਲਬੁਲ !
ਤੇਰੇ ਮਿਲਣ ਖਾਤਰ ਅਜ ਚੱਲ ਆਇਆ,
ਭਾਵੇਂ ਚਲੀ ਜਾਵੇ ਜਿੰਦ ਜਾਨ ਬੁਲਬੁਲ !
ਪਾਇਆ ਜਿਨ੍ਹਾਂ ਨੇ ਪਿੰਜਰੇ ਵਿਚ ਤੈਨੂੰ,

ਮੈਂ ਕਹਾਂਗਾ ਓ ਬੇਈਮਾਨ ਬੁਲਬੁਲ!
ਕਿਥੋਂ ਆ ਗਈਓਂ ਉਨ੍ਹਾਂ ਦੇ ਜਾਲ ਅੰਦਰ,
ਓਹ ਤਾਂ ਹੈਸਨ ਬੜੇ ਸ਼ੈਤਾਨ ਬੁਲਬੁਲ!

—○-o-○—

ਤੈਨੂੰ ਪਾਇਕੇ ਪਿੰਜਰੇ ਵਿਚ ਏਨ੍ਹਾਂ,
ਉਤੇ ਤੁਧ ਦੇ ਕਹਿਰ ਕਮਾਇਆ ਬੁਲਬੁਲ!
ਭੁਖੇ ਬਚੇ ਪਏ ਤੇਰੇ ਕੁਰਲਾਂਵਦੇ ਨੇ,
ਅੱਖੀਂ ਅਜ ਮੈਂ ਦੇਖਕੇ ਆਇਆ ਬੁਲਬੁਲ!
ਰਖ ਹੌਂਸਲਾ ਦਿਲ ਦੇ ਵਿਚ ਪੱਕਾ,
ਕਲਗੀਧਰਜੀ ਆਜਾ ਕਿ ਆਜਾ ਬੁਲਬੁਲ!
ਤੇਰੇ ਕੱਢਨੇ ਲਈ ਪਿਆਨੇਇ ਨੀ,
ਬਾਹਰ ਵੇਖ ਅੰਧੇਰੜਾ ਛਾਇਆ ਬੁਲਬੁਲ!

—□— —□—

ਲੈ ਮੈਂ ਦਸਦਾ ਹੋਰ ਹੀ ਖਬਰ ਤੈਨੂੰ,
ਕੀਤਾ ਕਹਿਰ ਜੋ ਅੱਜ ਕਸਾਈਆਂ ਨੇ!
ਫੜਿਆ ਵਿਚੋਂ ਕਮੇਟੀ ਦੇ ਮੁੱਖੀਆਂ ਨੂੰ,
ਨਾਲ ਰਲ ਕੇ ਹੋਰ ਸ਼ਪਾਈਆਂ ਨੇ!
ਮਾਂਹ ਅਸੂ ਅਠਾਈ ਦੀ ਰਾਤ ਹੈਸੀ,
ਫੜ ਫੜ ਹੱਥਕੜੀਆਂ ਲਾਈਆਂ ਨੇ!
ਕੋਈ ਕਿਤੋਂ ਫੜਿਆ ਕੋਈ ਕਿਤੋਂ ਫੜਿਆ,
ਪਈਆਂ ਦੇਸ ਦੇ ਵਿਚ ਦੁਹਾਈਆਂ ਨੇ!
ਮਤਾਬ ਸਿੰਘ ਸਰਦਾਰ ਤੇ ਸਿੰਘ ਬਾਕੀ,
ਜਿੰਦਾਂ ਕਠੀਆਂ ਜੇਹਲ ਪੁਚਾਈਆਂ ਨੇ!
ਬਾਕੀ ਨਾਮ ਨਾ ਜਾਣਦਾ ਖਾਲਸਾ ਜੀ,

ਭੁਲਾਂ ਹੋਈਆਂ ਤੇ ਮਾਫ ਕਰਾਈਆਂ ਨੇ
ਗਏ ਜੇਹਲ ਅੰਦਰ ਸ਼ੇਰ ਸੂਰ ਬਾਂਕੇ,
ਕਰ ਕਰ ਕੇ ਬੇਪਰਵਾਹੀਆਂ ਨੇ!
ਦਸੀਂ ਅੱਗਲਾ ਹਾਲ "ਉਡਾਰੂਵਾ" ਵੇ,
ਜੋ ਕੁਝ ਏਨ੍ਹਾਂ ਨੇ ਕਾਰਾਂ ਕਮਾਈਆਂ ਨੇ!

———:o:———

ਕੀ ਹੋਇਆ ਜੇ ਹੋਈਆਂ ਤਲਾਸ਼ੀਆਂ ਨੇ,
ਅਕਾਲੀ ਹੁਣੇ ਛੱਬਦੇ ਦੇਖੀਂ ਫੇਰ ਗੱਜੂ!
ਸੇਵਾ ਸਦਾ ਦੇ ਲਈ ਗੁਰੂ ਖਾਲਸਾ ਜੀ,
ਨੌਕਰ ਸ਼ਾਹੀ ਅਗੇ ਬੱਬਰ ਸ਼ੇਰ ਰੱਜੂ!
ਲੈ ਬੁਲਬੁਲੇ ਹੌਂਸਲਾ ਛੱਡਣਾਂ ਨਹੀਂ,
ਅਸੀ ਹੁਣ ਪਿਛਾਂਹ ਨੂੰ ਜਾਂਵਦੇ ਹਾਂ!
ਰਖੀਂ ਹੁਣ ਉਡੀਕ ਦਿਨ ਥੋੜਿਆਂ ਨੂੰ,
ਅਸੀ ਤੁਧ ਦੇ ਹੀ ਪਾਸ ਆਂਵਦੇ ਹਾਂ!

———:-o-:———

( ਬੁਲਬੁਲ )

ਰਾਹੀਆ ਸੁਨ ਜਾਵੀਂ ਇਕ ਗਲ ਮੇਰੀ,
ਮੇਰਾ ਗਿਆ ਕਲੇਜੜਾ ਫੱਟ ਵੀਰਾ!
ਇਕ ਮੇਰੇ ਉਤੋਂ ਦੁਖੀ ਕੋਮ ਹੋਈ,
ਮੌਹਰਾ ਪੀ ਮਰਾਂ ਗੱਟ ਗੱਟ ਵੀਰਾ!
ਭੈੜੀ ਮੌਤ ਨਾ ਆਂਵਦੀ ਮੂਲ ਮੈਨੂੰ,
ਨਹੀਂ ਤੇ ਮਰ ਜਾਨਾਂ ਝੱਟ ਪੱਟ ਵੀਰਾ!
ਜਾ ਖਬਰ ਦੇ ਕਲਗੀਆਂ ਵਾਲੜੇ ਨੂੰ,
ਸੁੱਟੇ ਜ਼ਾਲਮਾਂ ਦੀ ਜੜ੍ਹ ਪੱਟ ਵੀਰਾ!

ਕੀ ਹੋ ਗਿਆ ਬੁਲਬਲਾਂ ਕੈਦ ਹੋਈਆਂ,
ਮਾਨੂ ਆਣ ਕੇ ਹਲ ਸ਼ਕਾਰੀਆਂ ਨੂੰ !
ਰੱਖ ਹੌਸਲਾ ਦਿੱਲ "ਉਡਾਰੂਆ" ਵੇ,
ਕਢੂ ਆਣ ਕੇ ਗੁਰੂ ਵਿਚਾਰੀਆਂ ਨੂੰ !

---

## ਨਾਭੇ ਪਤੀ ਨੂੰ ਤਖਤ ਬਠਾਏ ਦੇਣਾ !

ਦਿਨਾਂ ਥੋੜਿਆਂ ਨੂੰ ਤੇਰਾ ਨਾਸ ਹੋਣਾ,
ਤੂੰ ਹੁਣ ਜ਼ੁਲਮ ਕਮਾ ਲੈ ਰੱਜ ਜ਼ਾਲਮ !
ਅਸੀ ਖਾਵਾਂਗੇ ਤੇਰੀਆਂ ਗੋਲੀਆਂ ਨੂੰ,
ਅਸਾਂ ਕਹਿ ਦਿੱਤਾ ਗੱਜ ਵੱਜ ਜ਼ਾਲਮ !
ਹੈ ਮਰਿਆ ਪਾਲੇ ਸਰਦਾਰ ਸਾਡਾ,
ਪੱਗ ਲਾਹਿਕੇ ਓਸਦੀ ਅੱਜ ਜ਼ਾਲਮ !
ਤੇਰੇ ਜਬਰ ਨੂੰ ਸਬਰ ਨੇ ਨਾਸ ਕਰਨਾ,
ਸਿਰੋ ਸਿਰ ਲਗੀ ਵੱਜ ਗੱਜ ਜ਼ਾਲਮ !
ਜ਼ਰਾ ਸੋਚ ਵਿਚਾਰ ਖਾਂ ਦਿਲ ਅੰਦਰ,
ਕਿਥੇ ਗਈ ਤੇਰੀ ਸ਼ਰਮ ਲੱਜ ਜ਼ਾਲਮ !
ਗੋਲੇ ਸ਼ਾਂਤ ਦੇ ਮਾਰੋ ਗੁਰ ਖਾਲਸਾ ਜੀ,
ਆਪੇ ਜਾਣਗੇ ਦੇਸ਼ ਤੋਂ ਭੱਜ ਜ਼ਾਲਮ !

---

ਕੀ ਤੂੰ ਨਵੀਂ ਕਮੇਟੀ ਬਣਾ ਕੇ ਤੇ,
ਸਿੰਘ ਸਿੰਘ ਦੇ ਨਾਲ ਲੜਾਵਨਾਂ ਏਂ !
ਤੇਰਾ ਹੱਕ ਕੀ ਏ ਗੁਰਧਾਮ ਅੰਦਰ,
ਨਹੀਂ ਆਪਣੇ ਦਿੱਲ ਸ਼ਰਮਾਵਨਾਂ ਏਂ !

ਤੇਰੇ ਵਾਸਤੇ ਗਲ ਨਹੀਂ ਇਹ ਚੰਗੀ,
ਗੁਰੂ ਧਾਮ ਤੇ ਹੱਕ ਜਮਾਵਨਾਂ ਏਂ!
ਸਾਡੇ ਫੱੜ ਕਮੇਟੀ ਦੇ ਮੁੱਖੀਆਂ ਨੂੰ,
ਬਿਨਾਂ ਦੋਸ਼ ਦੇ ਜੇਹਲ ਪੁਚਾਵਨਾਂ ਏਂ!
ਲਾ ਕੇ ਪੱਜ ਪੋਲੀਟੀਕਲ ਕੰਮ ਕਰਦੇ,
ਐਵੇਂ ਪਾਪੀਆ ਕੈਹਰ ਕਮਾਵਨਾਂ ਏਂ!
ਅਲੇ ਜ਼ਖਮ ਉਤੇ ਨੌਂਦਰ ਮਾਰ ਕੇ ਤੂੰ,
ਫੋੜੇ ਦੁਖੇ ਨੂੰ ਹੋਰ ਦੁਖਾਵਨਾਂ ਏਂ!

———o———

ਬਹੁਤੀ ਲਿਖਣ ਦੀ ਨਹੀਂਗੀ ਲੋੜ ਕੋਈ,
ਐਪਰ ਇਹ ਮੈਂ ਨਾਲ ਸੁਣਾਏ ਦੇਣਾ!
ਭਾਵੇਂ ਲਾ ਲੈ ਜਿਤਨਾ ਜ਼ੋਰ ਤੇਰਾ,
ਨਾਭਾ ਪਤੀ ਨੂੰ ਤਖਤ ਬਠਾਏ ਦੇਣਾ!
ਭਾਵੇਂ ਕੋਹ ਦੇ ਵਾਂਗ ਕਸਾਈਆਂ ਦੇ,
ਅਸਾਂ ਆਪਨਾ ਹੱਠ ਨਿਭਾਏ ਦੇਣਾ!
ਗੁਰਧਾਮਾਂ ਤੋਂ ਅਸਾਂ "ਉਡਾਰੂਆ" ਵੇ,
ਤਨ ਮਨ ਤੇ ਧੰਨ ਰੁੜ੍ਹਾਏ ਦੇਣਾ!

———

## ਪੰਜ ਸੌ ਦੇ ਸ਼ਹੀਦੀ ਜੱਥੇ ਨੇ ਜੈਤੋ ਵਿਚ ਆਖੰਡ ਪਾਠ ਰਖਣ ਲਈ ਜਾਨਾ!

ਵੇਖੋ ਕੇਡੇ ਅੰਧੇਰ ਦੀ ਗਲ ਭਾਈ,
ਮਾਰ ਮਾਰ ਕੇ ਦੇਸ਼ ਉਡਾਨ ਲੱਗੇ!
ਨਹੀਂ ਦੋਸ਼ ਨਿਰਦੋਸ਼ਾਂ ਤੇ ਵਾਰ ਕਰ ਕੇ,

ਫੜ ਬਚਿਆਂ ਜਹਲ ਪੁਚਾਨ ਲੱਗੇ !
ਤਰਨਤਾਰਨ, ਨਨਕਾਣੇ ਤੇ ਬਾਗ਼ ਗੁਰ ਦੇ,
ਮਾਰ ਗੱਡੀਆਂ ਹਠ ਖਪਾਨ ਲੱਗੇ !
ਸਾਕੇ ਬਹੁਤ ਨੇ ਦਸੇ ਨਾ ਜਾਣ ਮੈਥੋਂ,
ਹੋਰ ਵੇਖ ਲੇ ਕੇਹਰ ਕਮਾਨ ਲੱਗੇ !

—o—

ਭਾਈ ਫੇਰੂ ਦੇ ਵੱਲ ਧਿਆਨ ਮਾਰੋ,
ਖਾਹ-ਮਖਾਹ ਹੀ ਲੱਤ ਅੜਾਨ ਲੱਗੇ !
ਪੰਝੀ ਸਿੰਘਾਂ ਨੂੰ ਰੋਜ਼ ਹੜੱਪ ਕਰ ਕੇ,
ਰੱਜੇ ਅਜੇ ਨਾ ਭੁਖ ਵਧਾਨ ਲੱਗੇ !
ਵੇਖੀ ਭੁੱਖ ਜਾਂ ਪੰਥ ਦੇ ਆਗੂਆਂ ਨੇ,
ਰਲ ਮਿਲ ਕੇ ਮਤਾ ਪਕਾਨ ਲੱਗੇ !
ਸ਼ਾਂਤਮਈ ਰਹਿਕੇ ਪੰਜ ਸੌ ਸਿੰਘ ਤਾਈਂ,
ਨੌਕਰਸ਼ਾਹੀ ਦੀ ਭੁਖ ਹਟਾਨ ਲੱਗੇ !

—o—

ਹੁਕਮ ਪੰਥ ਦਾ ਮੰਨ ਕੇ ਸਿੰਘ ਪੰਜ ਸੌ,
ਵੱਲ ਜੈਤੋ ਦੇ ਹੋ ਤਿਆਰ ਚੱਲੇ !
ਘਟਾਂ ਕਾਲੀਆਂ ਵਾਂਗ ਤਿਆਰ ਹੋ ਕੇ,
ਨੌਕਰਸ਼ਾਹੀ ਦਾ ਬਨਣ ਸ਼ਿਕਾਰ ਚੱਲੇ !
ਅਖੰਡ ਪਾਠ ਦੇ ਸ਼ੁਰੂ ਕਰਾਨ ਖਾਤਰ,
ਸਤਿ ਸ੍ਰੀ ਅਕਾਲ ਉਚਾਰ ਚੱਲੇ !
ਗਾਨੇ ਬਨ੍ਹ ਸ਼ਹੀਦੀ ਦੇ ਚਾਈਂ ਚਾਈਂ,
ਇਸ ਸੰਸਾਰ ਦਾ ਮੋਹ ਵਿਸਾਰ ਚੱਲੇ !

—o—

NATIONAL ARCHIVES LIBRARY
No 1937
Date 1-2-72

ਨੌਕਰਸ਼ਾਹੀਏ ਪਾਪਨੇ ਭੁਖੀਏ ਨੀ,
ਹੁਣ ਆਪਣੀ ਭੁੱਖ ਹਟਾ ਛੇਤੀ!
ਜੱਥਾ ਪੰਜ ਸੌ ਦਾ ਰੋਜ਼ ਤਿਆਰ ਹੋਊ,
ਜਿਦਾਂ ਜੀ ਚਾਹ ਲਵੀਂ ਖਾ ਛੇਤੀ!
ਚਾਹੇ ਮਾਰ ਗੋਲੀ ਚਾਹੇ ਸੁਟ ਜੇਲ੍ਹੀਂ,
ਲੇ ਰੱਜ ਕੇ ਜ਼ੁਲਮ ਕਮਾ ਛੇਤੀ!
ਹੁਕਮ ਘਲਿਆ ਜਦੋਂ ਅਕਾਲ ਸਾਨੂੰ,
ਦੇਣਾ ਰੜਕਾ ਕੁਲ ਮੁਕਾ ਛੇਤੀ!
ਆਉਂਦਾਜ਼ਾਲਮਾਜ਼ੁਲਮਤੋਂਬਾਜ਼ਕਿਉਂਨਹੀਂ,
ਏਥੋਂ ਭਜਿਆਂ ਵੀ ਲੰਡਨ ਦੂਰ ਦੇਖੀਂ!
ਬਾਬੇ ਬੰਦੇ ਵਾਲਾ ਰੰਦਾ ਫੇਰ ਦੇਣਾ,
ਹੁੰਦਾ ਬਾਲ ਬੱਚਾ ਤੇਰਾ ਚੂਰ ਦੇਖੀਂ!

—o—

# ਸਾਕਾ ਨਨਕਾਣਾ ਸਾਹਿਬ

## ਸਰਦਾਰ ਦਲੀਪ ਸਿੰਘ ਨੇ ਸੁਫਨੇ ਵਿਚ ਆਪਣੀ ਭੈਣ ਨੂੰ ਦਰਸ਼ਨ ਦੇਣਾ!

ਹੋਏ ਅਜ ਕੁਰਬਾਨ ਗੁਰ ਧਾਮ ਉਤੋਂ,
ਸੋਹਣੇ ਗੁਰਾਂ ਦੇ ਸੂਰਮੇਂ ਲਾਲ ਭਾਈ!
ਦੇਖੋ ਆਨ ਬਦਲੇ ਗੁਰੂ ਸ਼ਾਨ ਬਦਲੇ,
ਕਸ਼ਟ ਝਲੇ ਨੇ ਬਹੁਤ ਕਮਾਲ ਭਾਈ!
ਜਿਵੇਂ ਭੁਜਦੇ ਨੇ ਭੱਠੀ ਵਿਚ ਦਾਣੇ,
ਤਿਵੇਂ ਜ਼ਾਲਮਾਂ ਨੇ ਦਿਤੇ ਗਾਲ ਭਾਈ!

ਚਲ ਵਸ ਨਾਂ ਕਿਸੇ ਦਾ ਓਸ ਵੇਲੇ,
ਐਵੇਂ ਆਇਆ ਬਿਦੇਸਾਂ ਦਾ ਕਾਲ ਭਾਈ !
ਪਤੀ ਨਾਰ ਦਾ, ਭੈਣ ਦਾ ਵੀਰ ਸੋਹਣਾ,
ਜੇੜ੍ਹਾ ਸਿੰਘ ਦਲੀਪ ਕਹਾਂਵਦਾ ਜੇ !
ਭੈਣ ਓਸਦੀ ਨਿਤ ਉਡੀਕ ਦੀ ਏ.
ਸੋਹਣਾ ਇਕ ਵਾਰੀ ਮਿਲ ਜਾਂਵਦਾ ਜੇ !

—o—

ਬਾਝ ਓਸਦੇ ਅੱਜ ਹਨੇਰ ਹੋਇਆ,
ਹਾਇ ਕਿਸਤਾਂ ਦਰਸ ਦਖਾਏ ਮੈਨੂੰ !
ਹਥ ਜੋੜਦੀ ਕਲਗੀਆਂ ਵਾਲਿਆ ਮੈਂ,
ਦਿਓ ਓਸਦੇ ਕੋਲ ਪੁਚਾਏ ਮੈਨੂੰ !

—o—

## ਸ੍ਰ: ਦਲੀਪ ਸਿੰਘ ਨੇ ਸੁਫਨੇ ਵਿਚ ਮਿਲਨਾ

ਇਕ ਰਾਤ ਆਈ ਭਾਗਾਂ ਭਰੀ ਵੀਰੋ,
ਗੁਰੂ ਬੀਬੀ ਉਤੇ ਮੇਹਰਬਾਨ ਹੋਇਆ !
ਕੀਰਤਨ ਸੋਹਲੇ ਦਾ ਕਰਕੇ ਪਾਠ ਸੁਤੀ,
ਨੀਂਦਰ ਵਿਚ ਹੀ ਇਹ ਫਰਮਾਨ ਹੋਇਆ !
ਕਈ ਚਿਰਾਂ ਤੋਂ ਪਈ ਉਡੀਕਦੀ ਸੈਂ,
ਆਕੇ ਕੰਨ ਦੇ ਵਿੱਚ ਫੁਰਮਾਨ ਹੋਇਆ !
ਉਠ ਬਚੀਏ ਆ ਗਏ ਵੀਰ ਤੇਰੇ,
ਵੀਰ ਭੈਣ ਅਗੇ ਸਵਾ ਧਾਨ ਹੋਇਆ !

(ਭੈਣ)

ਠਲੇ ਗਏ ਨਾ ਅਥਰੂ ਭੈਣ ਕੋਲੋਂ,

ਲਗ ਰੋਂਵਦੀ ਗਲ ਦੇ ਨਾਲ ਵੀਰਾ !
ਤੇਰੇ ਬਾਝ ਨਾ ਆਂਵਦਾ ਚੈਨ ਮੈਨੂੰ,
ਚਲ ਆਪਣੇ ਕੰਮ ਸੰਭਾਲ ਵੀਰਾ !
ਘਰ ਬਾਰ ਨੂੰ ਕਿਓਂ ਵਿਸਾਰ ਬੈਠੋਂ,
ਵਾਜਾਂ ਮਾਰਦੇ ਨੇ ਤੇਰੇ ਬਾਲ ਵੀਰਾ !
ਚਲ ਚਲਕੇ ਦੇਖ ਕੁਟੰਬ ਸਾਰਾ,
ਸਾਡਾ ਹੋ ਗਿਆ ਮੰਦੜਾ ਹਾਲ ਵੀਰਾ !

(ਰੂਹ)

ਘਰ ਬਾਰ ਕੁਟੰਬ ਨਹੀਂ ਕੋਈ ਮੇਰਾ,
ਏਥੇ ਆਂਵਦਾ ਸਦਾ ਅਨੰਦ ਮੈਨੂ !
ਕਿਸੇ ਗਲ ਦੀ ਨਹੀਂ ਪਰਵਾਹ ਬੀਬੀ,
ਹਛੇ ਲਗਦੇ ਧਰਮ ਦੇ ਜੰਗ ਮੈਨੂ !
ਕੀਤੀ ਕਿਸੇ ਦੀ ਨਹੀਂ ਪਰਵਾਹ ਕੋਈ,
ਭਾਂਵੇਂ ਦਿਸਦੇ ਸੀ ਲਾਲ ਰੰਗ ਮੈਨੂ !
ਸ਼ਾਂਤਮਈ ਦੇ ਨਾਲ ਹੀ ਮਾਰ ਲੈਣਾ,
ਚੰਗਾ ਆਇਆ ਲੜਾਈ ਦਾ ਢੰਗ ਮੈਨੂ !
ਖੁਲੀ ਅੱਖ ਤਾਂ ਨਜ਼ਰ ਨਾ ਕੁਝ ਆਇਆ,
ਕੈਂਹਦੀ ਅੱਜ ਗੁਵਾਕੇ ਵੀਰ ਬੈਠੀ !
ਹਾਏ ਵਸ ਨਾ ਜਾਂਵਦਾ ਕੋਈ ਮੇਰਾ,
ਅੱਜ ਡੋਲ੍ਹਦੀ ਅਖੀਓਂ ਨੀਰ ਬੈਠੀ !

—o—

# ਜੱਥੇ ਵਿਚ ਪੰਜ ਸੌ ਸਿੰਘਾਂ ਨੇ ਜਾਣਾ ਤੇ ਕੁਝ ਸਿੰਘਾਂ ਨੇ ਸ਼ਹੀਦੀਆਂ ਪੌਣੀਆਂ

ਭਾਵੇਂ ਮਾਰੀ ਜਾ ਪੂਰਾਂ ਦੇ ਪੂਰ ਜ਼ਾਲਮ !

ਬੇੜਾ ਪਾਪ ਦਾ ਪਾਪੀਆ ਗਰਕ ਹੋਇਆ,
ਹਥੀਂ ਆਪਣੀ ਆਪ ਡੁਬਾਏ ਬੈਠੋਂ !
ਠਾਠਾਂ ਮਾਰਦੀ ਏ ਨਦੀ ਕੈਹਰ ਵਾਲੀ,
ਬਿਨਾਂ ਚਪਿਓਂ ਐਵੇਂ ਰੁੜ੍ਹਾਏ ਬੈਠੋਂ !
ਅਸਾਂ ਸਮਝਿਆ ਰਹੇਗਾ ਦੇਸ ਅੰਦਰ,
ਐਪਰ ਬਿਸਤਰੇ ਕੂਚ ਕਰਾਏ ਬੈਠੋਂ !
ਤੈਨੂੰ ਕਿਸੇ ਨ ਮੋੜਿਆ ਇਕ ਵਾਰੀ,
ਹਾਇ ਗੰਨ ਮਸ਼ੀਨ ਚਲਾਏ ਬੈਠੋਂ !
ਤੈਨੂ ਤਰਸ ਨ ਆਇਆ ਸੀ ਓਸ ਵੇਲੇ,
ਦਿਲ ਕਿਸਤਰਾਂ ਪਕ ਪਕਾਏ ਬੈਠੋਂ !
ਮਾਰੇ ਸੂਰਮੇ ਗੁਰਾਂ ਦੇ ਲਾਲ ਐਵੇਂ
ਕੀਤਾ ਪਿਛਲਾ ਕੁਲ ਭੁਲਾਏ ਬੈਠੋਂ !
ਮੇਰੇ ਵਰਗਿਆਂ ਡੈਰ ਨੂੰ ਵੇਖਿਆ ਨਾ,
ਅਜ ਡੈਰ ਨੂੰ ਨਸ਼ਰ ਕਰਾਏ ਬੈਠੋਂ !
ਸਾਕਾ ਭੁਲਿਆ ਨਹੀਂ ਨਨਕਾਣੇ ਵਾਲਾ,
ਅੱਲੇ ਫਟਾਂ ਤੇ ਲੂਣ ਛਿੜਕਾਏ ਬੈਠੋਂ !
ਹਾ ਹਾ ਕਾਰ ਹੋ ਗਈ ਹੈ ਦੇਸ ਸਾਰੇ,
ਕਲਗੀ ਵਾਲਿਆ ਤੂੰ ਕਿਥੇ ਜਾਏ ਬੈਠੋਂ !
ਹਥੀਂ ਆਪਣੀ ਘਲਕੇ ਲਾਲ ਸੋਹਣੇ,
ਟੋਟੇ ਜਿਗਰ ਦੇ ਅਜ ਗੁਵਾਏ ਬੈਠੋਂ !

ਪੰਚਮ ਪਾਤਸ਼ਾਹ ਜੈਤੋ ਵਿਚ ਕੈਹਰ ਹੋਇਆ,
ਕਾਹਨੂੰ ਲੋਹ ਤੇ ਚੌਂਕੜੀ ਲਾਏ ਬੈਠੋਂ !
ਨਾਵੇਂ ਪਾਤਸ਼ਾਹ ਜੈਤੋ ਵਿਚ ਜ਼ੁਲਮ ਹੋਇਆ,
ਦਿੱਲੀ ਵਿਚ ਜਾ ਸੀਸ ਲੁਹਾਏ ਬੈਠੋਂ !
ਅੱਜ ਦੇਖ ਲੈ ਸੂਰਜਾ ਬਾਹਰ ਹੋਕੇ,
ਅੰਦਰ ਕਾਸਨੂੰ ਮੁਖ ਛਪਾਏ ਬੈਠੋਂ
ਗੁਰੂ ਨਾਨਕ ਜੀ ਆਪਨੇ ਧਾਮ ਅੰਦਰ,
ਧਰਤੀ ਅੱਜ ਦੇ ਦਿਨ ਰੰਗਾਏ ਬੈਠੋਂ !

—o—

ਪੰਜ ਸੌ ਪੁਤ ਤੇਰੇ ਉਤੇ ਦੇਖ ਜੈਤੋ,
ਗੋਲੀ ਚਲ ਗਈ ਊ ਤੜਾ ਤੱੜ ਬਾਪੂ !
ਨਾਕੇ ਬੰਦੀਆਂ ਕੀਤੀਆਂ ਜ਼ਾਲਮਾਂ ਨੇ,
ਰਾਹ ਵਿਚ ਹੋ ਗਈ ਫੜਾ ਫੱੜ ਬਾਪੂ !
ਸਾਨੂੰ ਵਾਜ ਮਸ਼ੀਨ ਦੀ ਇਓਂ ਆਵੇ,
ਬਿਜਲੀ ਕੜਕਦੀ ਜਿਉਂ ਕੜਾ ਕੱੜ ਬਾਪੂ !
ਹੋ ਗਏ ਸ਼ਹੀਦ ਪਰਵਾਹ ਨਾਹੀ,
ਪਿਛੋਂ ਘਲੀ ਜਾਈਂ ਧੜਾ ਧੱੜ ਬਾਪੂ !

—o—

ਪਤੀ ਨਾਰਾਂ ਦੇ ਮਾਵਾਂ ਦੇ ਪੁਤ ਸੋਹਣੇ,
ਸ਼ਹੀਦ ਹੋ ਗਏ ਭੈਣਾਂ ਦੇ ਵੀਰ ਬਾਪੂ !
ਪਤਾ ਲਗਾ ਦਿੱਲ ਨੂੰ ਖੋਹ ਪੈ ਗਈ,
ਲੂੰ ਲੂੰ ਕੰਬਿਆ ਹੈ ਸਰੀਰ ਬਾਪੂ !
ਸੁਣਨ ਵਾਲਿਆਂ ਤੇ ਵੇਖਨ ਵਾਲਿਆਂ ਦਾ,
ਦਿੱਲ ਹੋਗਿਆ ਪਾਟਕੇ ਲੀਰ ਬਾਪੂ"

ਸਾਰੇ ਜ਼ਾਲਮਾਂ ਨੂੰ ਖੁਵਾਰ ਕਰਨ ਲਈ,
ਘਲੀਂ ਬੰਦੇ ਬਹਾਦਰ ਜਹੇ ਬੀਰ ਬਾਪੂ

—o—

ਕਰਕੇ ਮੁਲਕ ਵੈਰਾਨ ਨ ਸਬਰ ਆਯਾ,
ਸਿਦਕੀ ਬੀਰਾਂ ਤੇ ਗੋਲੀ ਚਲਾਈ ਜ਼ਾਲਮ !
ਹਾਇ ਕਰਕੇ ਵਾਰ ਨਿਹਥਿਆਂ ਤੇ,
ਖਲਕਤ ਰੱਬ ਦੀ ਡਾਢੀ ਦੁਖਾਈ ਜ਼ਾਲਮ !
ਅਸਾਂ ਵਿਚ ਨਨਕਾਣੇ ਦੇ ਸੰਬਰ ਕੀਤਾ,
ਤੈਨੂੰ ਜੈਤੋ ਭੀ ਸ਼ਰਮ ਨਾ ਆਈ ਜ਼ਾਲਮ !
ਖਾਧਾ ਖੌਫ ਨ ਅੱਜ ਪਰਮਾਤਮਾਂ ਦਾ,
ਪੰਜ ਸੌ ਜਿੰਦ ਤੂੰ ਧਰਤ ਲਿਟਾਈ ਜ਼ਾਲਮ !
ਪਿਓ ਦਾ ਪੁਤ ਹੈਂ ਤਾਂ ਅਗੇ ਜਾਈਂ ਮਾਰੀ,
ਅਸਾਂ ਜਾਵਣਾ ਗੁਰੂ ਹਜ਼ੂਰ ਜ਼ਾਲਮ !
ਪਾਠ ਅਸਾਂ ਅਖੰਡ ਜ਼ਰੂਰ ਕਰਨਾ,
ਸ਼ਹੀਦ ਕਰੀ ਜਾ ਪੂਰਾਂ ਦੇ ਪੂਰ ਜ਼ਾਲਮ !

—o—

## ਸੰਮਤ ੧੯੮੪ ਨੌ ਫਰਵਰੀ ਸਤਾਈ ਮਾਘ ਨੂੰ ਖੰਡਤ ਹੋਏ ੨ ਅਖੰਡ ਪਾਠ ਨੂ ਪੰਜ ਸੌ ਦੇ ਸ਼ਹੀਦੀ ਜਥੇ ਦੁਬਾਰਾ ਅਖੰਡ ਪਾਠ ਜੈਤੋ ਵਿਖੇ ਰਖਣਾ ਜਾਣਾ !

ਨੌ ਫਰਫਰੀ ਮਾਘ ਸਤਾਈ ਹੈ ਸੀ,
ਸੰਮਤ ਉਨੀ ਸੌ ਰਵੀ ਵਿਚਾਰ ਭਾਇ

ਕਰਕੇ ਬੇਨਤੀ ਤਖਤ ਅਕਾਲ ਅੱਗੇ,
ਰਖੀਂ ਲਜਿਆ ਗੁਰੂ ਕਰਤਾਰ ਭਾਈ।
ਵੈਰੀ ਰੋਕਿਆ ਪਾਠ ਅਖੰਡ ਸਾਡਾ,
ਡਾਢੇ ਹੋਗਏ ਅੱਜ ਲਚਾਰ ਭਾਈ।
ਖਾਂਦਾ ਖੌਫ ਨਾਂ ਰਤਾ ਗੁਰਦਿਆਲ ਸਿੰਘਾ,
ਚਲੇ ਸੂਰਮੇ ਹੁਣ ਰੰਗਮਾਰ ਭਾਈ।

## ਜਥੇ ਨੇ ਤੁਰਨਾ ਤੇ ਦੇਖਣ ਵਾਲਿਆਂ ਨਾਲ ਬਾਜ਼ਾਰ ਭਰ ਜਾਣੇ !

ਆਈਆਂ ਸੰਗਤਾਂ ਦੇਸ ਪ੍ਰਦੇਸ ਵਿਚੋਂ,
ਦਰਸ਼ਨ ਚਲ ਸ਼ਹੀਦਾਂ ਦਾ ਪਾਈਏ ਜੀ।
ਭਰੇ ਕੁਲ ਬਾਜ਼ਾਰ ਨ ਰਾਹ ਦਿਸੇ,
ਨਿਕਲ ਕਿਸਤਰਾਂ ਬਾਹਰ ਨੂੰ ਜਾਈਏ ਜੀ।
ਫੁੱਲ ਬਰਸਦੇ ਅਤ੍ਰ ਦਾ ਮੀਂਹ ਪੈਂਦਾ,
ਖਲਕਤ ਆਖਦੀ ਧੰਨ ਕਮਾਈਏ ਜੀ।
ਜੱਥਾ ਨਿਕਲਿਆ ਸ਼ੈਹਰੋਂ ਗੁਰਦਿਆਲਸਿੰਘਾ,
ਕੇਹੜੇ ਮੂੰਹ ਤੋਂ ਸਿਫਤ ਸੁਣਾਈਏ ਜੀ।
ਥੋੜੇ ਦਿਨਾਂ ਅੰਦਰ ਪਹੁੰਚਾ ਵਿਚ ਜੈਤੋ,
ਦੇਖਣ ਆਗਿਆ ਕੁਲ ਜਹਾਨ ਭਾਈ।
ਮਾਨੋਂ ਕਾਲੀਆਂ ਘਟਾਂ ਦੇ ਵਾਂਗ ਆਏ,
ਸ਼ਾਂਤਮਈ ਦਾ ਮੀਂਹ ਬਰਸਾਨ ਭਾਈ।
'ਮਰੂ ਹਰਕੇ ਦੁਵਾਰ' ਕਿਹਾ ਵਾਕ ਮੋਹਣੇ,
ਮੁਖੋਂ ਗੁਰੂ ਦੇ ਸ਼ਬਦ ਸੁਨ ਨ ਭ ਇ
ਸਤਿ ਸ੍ਰੀ ਅਕਾਲ 'ਅਕਾਲ' ਕੇਂਹਦੇ,

ਤੁਰੇ ਜਾਂਵਦੇ ਧਰਤ ਹਲਾਨ ਭਾਈ।
ਮਸਤ ਹਾਥੀਆਂ ਵਾਂਗ ਗੁਰਦਿਆਲ ਸਿੰਘਾ,
ਸਿਧੇ ਵਲ ਗੁਰਧਾਮ ਦੇ ਜਾਨ ਭਾਈ।

—o—

## ਸਿੰਘਾਂ ਨੇ ਗੁਰਦਵਾਰੇ ਵਿਚ ਪਹੁੰਚਣਾ ਤੇ ਜ਼ਾਲਮਾਂ ਨ ਗੋਲੀ ਚਲੌਣੀ!

ਪਹੁੰਚੇ ਗੁਰੂ ਦੇ ਧਾਮ ਜਦ ਸਿੰਘ ਸੂਰੇ,
ਉਤੋਂ ਜ਼ਾਲਮਾਂ ਗੋਲੀ ਚਲਾਈ ਦੇਖੋ।
ਹਾਹਾਕਾਰ ਮਚੀ ਯਾਰੋ ਦੇਸ ਸਾਰੇ,
ਮਾਈ ਭਾਈ ਨੇ ਪਾਈ ਦੁਹਾਈ ਦੇਖੋ।
ਪੈਂਦੀ ਸਜਣੋਂ ਮੀਂਹ ਦੇ ਵਾਂਗ ਗੋਲੀ,
ਵਿਚ ਤੁਰੀ ਫਿਰਦੀ ਇਕ ਮਾਈ ਦੇਖੋ।
ਸੱਤ ਸਾਲ ਦਾ ਬਚਾ ਗੁਰਦਿਆਲ ਸਿੰਘਾ,
ਜੇਹੜੀ ਫਿਰਦੀਸੀ ਗੱਲ ਨਾਲ ਲਾਈ ਦੇਖੋ।

—o—

## ਇਕ ਮਾਈ ਦੇ ਬਚੇ ਨੂੰ ਗੋਲੀ ਵਜਣੀ ਤੇ ਮਾਈ ਨੇ ਸ਼ਹੀਦ ਹੋਏ ੨ ਬਚੇ ਨੂ ਰਖਕੇ ਜੱਥੇ ਨਾਲ ਜਾ ਰਲਨਾ!

ਜਦੋਂ ਵਾਰ ਕੀਤੇ ਅਗੋਂ ਪਾਜ਼ੀਆਂ ਨੇ,
ਕੀਕੂੰ ਸਿੰਘਾਂ ਨੂੰ ਧਰਤ ਲਟਾਏ ਗੋਲੀ।
ਮਾਈ ਪਾਲਿਆ ਪ੍ਰੇਮ ਦੇ ਨਾਲ ਬੱਚਾ,
ਵੱਜੀ ਬਚੇ ਦੀ ਹਿੱਕ ਨੂੰ ਆਏ ਗੋਲੀ

ਬਚੇ ਮੋਏ ਨੂੰ ਰਖਕੇ ਭੱਜ ਉਠੀ,
ਆਖੇ ਮੈਨੂੰ ਵੀ ਮਾਰ ਮੁਕਾਏ ਗੋਲੀ।
ਜਿਥੇ ਗਿਆ "ਉਡਾਰੂਆ" ਲਾਲ ਮੇਰਾ,
ਜਿੰਦ ਓਧਰੇ ਮੇਰੀ ਲੈ ਜਾਏ ਗੋਲੀ।

—o—

## ਢਾਕ ਕਵੀ!

ਜ਼ਿਸ ਰਾਜ ਦੇ ਵਿਚ ਮਰਜਾਨ ਬੱਚੇ,
ਓਸ ਰਾਜ ਦਾ ਰਹਿਣਾ ਮੁਹਾਲ ਸਮਝੋ।
ਜਿਸ ਰਾਜ ਦੇ ਵਿਚ ਇਨਸਾਫ ਨਾਹੀਂ,
ਹੁੰਦਾ ਪਰਜਾ ਦਾ ਮੰਦੜਾ ਹਾਲ ਸਮਝੋ।
ਕਈ ਮਾਰ ਦਿਤੇ ਚਾੜ੍ਹ ਫਾਂਸੀਆਂ ਤੇ,
ਕਈ ਤੇਲ ਪਾਕੇ ਦਿੱਤੇ ਬਾਲ ਸਮਝੋ।
ਦੇਖੋ ਅੱਜ ਰਣਧੀਰ ਤੇ ਸਿੰਘ ਮੋਤਾ,
ਕਸ਼ਟ ਝੱਲੇ ਨੇ ਬਹੁਤ ਕਮਾਲ ਸਮਝੋਂ।
ਜਿਨਾਂ ਚਿਰ ਨਹੀਂ ਧਾਮ ਆਜ਼ਾਦ ਸਾਡੇ,
ਉਨਾਂ ਚਿਰ ਦੁਖੀ ਵਾਲ ਵਾਲ ਸਮਝ।
ਰਖ ਗੁਰੂ ਦੀ ਓਟ ਗੁਰਦਿਆਲ ਸਿੰਘਾ,
ਜੇਹੜਾ ਸਿਰ ਉਤੇ ਪ੍ਰਿਤਪਾਲ ਸਮਝੋ।

—o—

## ਅਠਾਈ ਫਰਵਰੀ ਨੂੰ ਦੂਜਾ ਸ਼ਹੀਦੀ ਜੱਥਾ ਪੰਜ ਸੌ ਦਾ ਫੇਰ ਜਾਣਾ!

### ਹਸ ਹਸਕੇ ਗੋਲੀਆਂ ਖਾਓ ਸਿੰਘੋ!

ਜੱਥਾ ਪੰਜ ਸੌ ਦਾ ਆਂਵਦਾ ਵਾਰ ਦੂਜੀ,

ਤੇਰਾ ਕੰਮ ਹੈ ਗੋਲੀ ਚਲਾਈ ਜਾ ਤੂੰ
ਅਸਾਂ ਜਾਵਣਾ ਪਾ ਵਹੀਰ ਜੈਤੋ,
ਨਾਕੇ ਬੰਦੀਆਂ ਖੂਬ ਕਰਾਈ ਜਾ ਤੂੰ !
ਅਸਾਂ ਪਿਠ ਨਾ ਦੇਵਣੀ ਮੂਲ ਪਿਛੇ,
ਤੇਰਾ ਕੰਮ ਸਬਾਰ ਵਛਾਈ ਜਾ ਤੂੰ !
ਬਚੇ ਬਚੇ ਨੇ ਹੋ ਸ਼ਹੀਦ ਜਾਣਾ,
ਜ਼ੋਰ ਛਗਦਾ ਜਿਤਨਾ ਲਾਈ ਜਾ ਤੂੰ !
ਗੁਰੂ ਧਾਮ ਆਜ਼ਾਦ ਜ਼ਰੂਰ ਕਰਨੇ,
ਰੋੜਾ ਕਿਤਨਾ ਅਗੇ ਅਟਕਾਈ ਜਾ ਤੂੰ !
ਵੇ ਗੁਰਦਿਆਲੂਆ ਪਾਪੀਆ ਭੈੜਿਆ ਓਏ,
ਡਾਂਗਾਂ ਬੀਟੀ ਦੇ ਵਾਂਗ ਵਰਸਾਈ ਜਾ ਤੂੰ !
ਕਦੀ ਿਣੀਆਂ ਅੰਤ ਨੂੰ ਪੇਣੀਆਂ ਈਂ,
ਮੂੰਹ ਆਪਨਾ ਕਾਲਾ ਕਰਾਈ ਜਾ ਤੂੰ !
ਰੈਹਣਾ ਸ਼ਾਂਤ ਹੀ ਚੁਕਣਾ ਹੱਥ ਨਾਹੀਂ,
ਭਾਵੇਂ ਕਿਲ੍ਹੇ ਦੇ ਵਿਚ ਜਲਾਈ ਜਾ ਤੂੰ !
ਦੇਸ ਆਪਣੇ ਵਿੱਚ ਨਾ ਰੈਹਣ ਦੇਣਾ,
ਭਾਵੇਂ ਕਿਤਨੇ ਕੈਹਰ ਕਮਾਈ ਜਾ ਤੂੰ !
ਪੰਥਾ ਭਲੇ ਦਾ ਭਲਾ ਹੀ ਹੋਵੰਦਾ ਏ,
ਯੂਰਪ ਜੰਗ ਦੇ ਵਿਚੋਂ ਬਚਾਈ ਜਾ ਤੂੰ !
ਹਾਏ ਸਾੜਿਆ ਕਿਲ੍ਹੇ ਦੇ ਵਿਚ ਖੜਕੇ,
ਉਚੀ ਬੋਲਕੇ ਮੁਖੋਂ ਸੁਨਾਈ ਜਾ ਤੂੰ !
ਰਖੀਂ ਡਰ ਨਾ ਮੂਲ 'ਉਡਾਰੂਆ' ਵੇ,
ਘਟਾ ਸਿਰ ਬਦੇਸੀ ਦੇ ਪਾਈ ਜਾ ਤੂੰ !

—o—

ਤੇਰੀ ਝਲਨੇ ਕਿਸੇ ਨਾ ਧੜੀ ਧਮਕੀ,
ਖੜਾ ਖੌਫ ਵੀ ਕਿਸੇ ਨਾ ਖਾਵਣਾ ਈਂ !
ਰੜਾ ਰੋਹਬ ਨਾ ਦੱੜਾ ਦੱਖਾ ਸਾਨੂੰ,
ਪੜੀ ਪਾਲਮੀ ਹੇਠ ਨਾ ਆਵਣਾ ਈਂ !
ਕੜੀਆਂ ਕੁਰਕੀਆਂ ਜੜੇ ਜਰਮਾਨਿਆਂ ਨੂੰ,
ਨਹੀਂ ਦੇਖਣਾ ਜੈਤੋ ਨੂ ਜਾਵਣਾ ਈਂ !
ਜੜਾ ਜਬਰ ਤੇਰਾ ਖੜੇ ਊਹ ਪਾਕੇ,
ਅਸਾਂ ਪਾਠ ਅਖੰਡ ਕਰਾਵਣਾ ਈ !
ਪੰਜ ਸੌ ਚਲਿਆ ਫੇਰ ਗੜਗੱਜ ਪਾ ਕੇ,
ਬਣ ਕੇ ਸੱਪ ਚਲਾ ਕੇ ਡੰਗ ਦੇਖੀਂ !
ਸ਼ਾਂਤਮਈ ਦੀ ਫੜ ਤਲਵਾਰ ਹਥੀਂ,
ਬੱਲੀ ਗੱਜਦੇ ਸਿੰਘ ਨਿਹੰਗ ਦੇਖੀਂ !

—o—

ਵੜਾ ਵੈਸਰਾ ਕੜਾ ਕਪਤਾਨ ਸਮਝੋ,
ਹੋਣ ਦਿਲ ਦੇ ਵਿਚ ਹੈਰਾਨ ਲਗਾ !
ਡੜਾ ਡਿਪਟੀ ਤੇ ਲੜਾ ਲਾਟ ਜੇਹੜਾ,
ਪੰਜੇ ਉਂਗਲਾਂ ਮੂੰਹ ਵਿਚ ਪਾਨ ਲੱਗਾ !
ਗੜਾ ਗੁਰੂ ਜੇਹੜਾ ਟੋਪੀ ਵਾਲਿਆਂ ਦਾ,
ਦੜੇ ਦਿੱਲ ਦੇ ਵਿਚ ਘਬਰਾਨ ਲਗਾ !
ਲੜੀ ਲੰਡੀ ਬੁਚੀ ਛਡੋ ਖਾਲਸਾ ਜੀ,
ਜੱਥਾ ਫੇਰ ਸ਼ਹੀਦੀ ਹੁਣ ਜਾਨ ਲਗਾ !
ਸੋਹਣੇ ਗਂਬਰੂ ਸ਼ੈਲ ਜੁਵਾਨ ਬਾਂਕੇ,
ਅੱਜ ਕਪੜੇ ਕੇਸਰੀ ਪਾਨ ਲਗੇ !
ਚੂੜੀਦਾਰ ਪਜਾਮੇ ਕਿਆ ਸਜਦੇ ਸੀ,

ਜਦੋਂ ਕਾਲੀ ਦਸਤਾਰ ਸਜਾਨ ਲਗੇ !
ਨਹੀਂ ਸੀ ਝਲਿਆ ਜਾਂਵਦਾਂ ਤੇਜ ਸਾਥੋਂ,
ਸੇਹਰੇ ਗਲੀਂ ਤੇ ਸੀਸ ਲਟਕਾਨ ਲੱਗੇ !
ਫਿਰਦੇ ਮਸਤ ਹੋਕੇ ਵਾਂਗ ਬਦਲਾਂ ਦੇ,
ਸ਼ਾਂਤੀ ਸੰਦੜਾ ਮੀਂਹ ਬਰਸਾਨ ਲੱਗੇ !
ਮਾਨੋ ਜੰਞ ਦੇ ਵਾਂਗ ਤਿਆਰ ਹੋ ਕੇ,
ਲਾੜ੍ਹੀ ਮੌਤ ਨੂੰ ਘਰ ਲਿਆਨ ਚੱਲੇ !
ਪੰਜ ਸੌ ਗੁਪਤ ਕੀਤਾ ਕਿਧਰੇ ਜ਼ਾਲਮਾਂ ਨੇ,
ਪੰਜ ਸੌ ਉਨ੍ਹਾਂ ਦੀ ਥਾਂ ਤੇ ਜਾਨ ਲਗੇ !
ਨਾਲੇ ਦੇਖਿਆਂ ਅਖੀਓਂ ਨੀਰ ਜਾਵੇ,
ਮੁੜਕੇ ਕਦੋਂ ਕੁ ਦਰਸ ਦਖਾਨਗੇ ਜੀ !
ਰਖ ਹੌਂਸਲਾ ਦਿਲ 'ਉਡਾਰੂਆ' ਵੇ,
ਜਕ ਪਾਠ ਅਖੰਡ ਕਰਾਨਗੇ ਜੀ !

———o———

ਲਛਮਣ ਸਿੰਘ ਦਲੀਪ ਤੇ ਹੋਰ ਦੋਸੌ,
ਵਾਜਾਂ ਮਾਰਦੇ ਜਫੀਆਂ ਪਾਓ ਸਿੰਘੋ !
ਮਨੀ ਸਿੰਘ ਬੈਠਾ ਵਾਜਾਂ ਮਾਰਦਾ ਏ,
ਬੰਦੋ ਬੰਦ ਕਟਾਕੇ ਆਓ ਸਿੰਘੋ !
ਤਾਰੂ ਸਿੰਘ ਨਾਲੇ ਮਤੀ ਦਾਸ ਆਖੇ,
ਤਨ ਆਰੇ ਦੇ ਨਾਲ ਚਰਾਓ ਸਿੰਘੋ !
ਆਖੇ ਕਲਗੀਆਂ ਵਾਲੜਾ ਬੋਲ ਉਚੀ,
ਜੈਤੋ ਵਲ ਛੇਤੀ ਛੇਤੀ ਧਾਓ ਸਿੰਘੋ !
ਲੈਕੇ ਸਣੇ ਪਰਵਾਰ ਗੁਰ ਖਾਲਸਾ ਜੀ,
ਵਿਚ ਤਾਲ ਸ਼ਹੀਦੀ ਦੇ ਨ੍ਹਾਓ ਸਿੰਘੋ !

ਵੇਲਾ ਖੁਥਿਆ ਫੇਰ ਨ ਹਥ ਔਣਾ,
ਹੱਸ ਹੱਸਕੇ ਗੋਲੀਆਂ ਖਾਓ ਸਿੰਘੋ!

—o—

## ਸਾਡੀ ਸਾਰ ਲੈ ਗੁਰੂ ਕਰਤਾਰ ਸਾਈਆਂ!

ਮੰਦਾ ਹਾਲ ਹੋਗਿਆ ਹੈ ਅੱਜ ਸਾਡਾ,
ਛੇਤੀ ਪਿਛਾਂ ਨੂੰ ਮੋੜ ਮੁਹਾਰ ਸਾਈਆਂ!
ਸਾਡੇ ਉਤੇ ਤਾਂ ਜ਼ੁਲਮ ਅਨੇਕ ਹੋਏ,
ਗਿਣੇ ਜਾਂਦੇ ਨਾਂ ਬੇਸ਼ੁਮਾਰ ਸਾਈਆਂ!
ਝੱਖੜ ਝੁਲਿਆ ਕਹਿਰ ਦਾ ਆਣ ਸਿਰ ਤੇ,
ਡਾਢੇ ਹੋਇ ਹਾਂ ਅਜ ਲਾਚਾਰ ਸਾਈਆਂ!
ਤੇਰੇ ਬਾਝ ਨਾਂ ਆਸਰਾ ਕੋਈ ਸਾਡਾ,
ਛੇਤੀ ਸਾਰ ਲੈ ਗੁਰੂ ਕਰਤਾਰ ਸਾਈਆਂ!

—o—

ਤੈਨੂੰ ਪਤਾ ਹੈ ਕੁਲ ਹਵਾਲ ਸਾਡਾ,
ਖਾਂਦੇ ਅਸੀਂ ਖਲੋਕੇ ਮਾਰ ਸਾਈਆਂ!
ਤੇਰੇ ਧਾਮ ਅੰਦਰ ਦੋ ਸੌ ਘੋਰਨਾਂ ਨੂੰ,
ਦਿਤਾ ਭੱਠੀਆਂ ਦੇ ਵਿਚ ਡਾਰ ਸਾਈਆਂ!
ਕਈ ਨਾਲ ਜੰਡਾਂ ਬੰਨ ਸਾੜ ਦਿਤੇ,
ਪਿਛੇ ਰੋਂਵਦੇ ਰਹੇ ਪਰਵਾਰ ਸਾਈਆਂ
ਵਾਜਾਂ ਮਾਰਦਾ ਏ ਤੈਨੂੰ ਦੇਸ ਸਾਰਾ,
ਛੇਤੀ ਸਾਰ ਲੈ ਗੁਰੂ ਕਰਤਾਰ ਸਾਈਆਂ!

—o o o—

ਬਾਬਾ ਗੋਲੀ ਲਗੀ ਜਦੋਂ ਸੀਨੇ ਤੇਰੇ,

ਮੱਚ ਗਿਆ ਓਦੋਂ ਧੂੰਦੂ ਕਾਰ ਸਾਈਆਂ !
ਧਰਤੀ ਜੁਲਮ ਦੇ ਨਾਲ ਜਦ ਹੋਈ ਟੇਡੀ,
ਨਹੀਂ ਚਕਿਆ ਜਾਂਵਦਾ ਭਾਰ ਸਾਈਆਂ !
ਬੱਧਾ ਜੰਡ ਦੇ ਨਾਲ ਜਦ ਸਿੰਘ ਸੂਰਾ,
ਦੇਵੀ ਦੇਵਤੇ ਕੈਹਨ ਉਚਾਰ ਸਾਈਆਂ !
ਹੱਥ ਜੋੜਕੇ ਅਸੀ ਵੀ ਆਖਦੇ ਹਾਂ,
ਛੇਤੀ ਸਾਰ ਲੈ ਗੁਰੂ ਕਰਤਾਰ ਸਾਈਆਂ !

—○-o-○—

ਸਾਡਾ ਗਿਆ ਦੋ ਸੈ ਅਸਾਂ ਸਬਰ ਕੀਤਾ,
ਝੂਠੀ ਦਮ ਨਾਂ ਲੈ ਸਰਕਾਰ ਸਾਈਆਂ !
ਖੜਕ ਸਿੰਘ ਜੀ ਖੜਕ ਦੇ ਵਾਂਗ ਚੰਡੀ,
ਦਿਤਾ ਓਸ ਨੂੰ ਵੀ ਜੇਲ੍ਹ ਡਾਰ ਸਾਈਆਂ !
ਤੇਰੇ ਪੰਥ ਨੇ ਜੇਹੜੇ ਬਨਾਏ ਆਗੂ,
ਗਏ ਓਵੀ ਹੁਣ ਜੇਹਲ ਵਿਚਘਾਰ ਸਾਈਆਂ !
ਲੈ ਹੁਣ ਨਾਭਾ ਵੀ ਚਲਿਆ ਅੱਜ ਹਥੋਂ,
ਛੇਤੀ ਸਾਰ ਲੈ ਗੁਰੂ ਕਰਤਾਰ ਸਾਈਆਂ !

——o——

## ਜੇਲ੍ਹਾਂ ਵਿੱਚ ਅੰਧੇਰ!

ਪਿਆ ਜੇਲ੍ਹਾਂ ਦੇ ਵਿਚ ਅੰਧੇਰ ਡਾਢਾ,
ਦੀਵਾ ਪ੍ਰੇਮ ਦਾ ਚੱਲ ਜਗਾਏ ਕੇਹੜਾ।
ਕਾਗਜ਼ ਘੋਟਨ ਤੇ ਕੋਲ੍ਹੂ, ਖਰਾਸ ਗੇੜਨ,
ਚੱਕੀ ਉਨ੍ਹਾਂ ਦੇ ਨਾਲ ਪਿਹਾਏ ਕੇਹੜਾ।
ਡੰਡਾ ਬੇੜੀ ਤੇ ਖੜੀ ਹੱਥਕੜੀ ਲਗੇ,

ਮੁੰਜ ਉਨ੍ਹਾਂ ਦੇ ਨਾਲ ਵਟਾਏ ਕੇਹੜਾ।
ਹੈ ਕੌਣ ਦਰਦੀ ਪਹੁੰਚੇ ਕੋਲ ਭਾਈ,
ਦੀਵਾ ਪ੍ਰੇਮ ਦਾ ਚਲ ਜਗਾਏ ਕੇਹੜਾ।

—○-o-○—

ਹੱਛਾ ਪੰਥ ਪਿਆਰਿਆ ਸਹੁ ਸਿਰ ਤੇ,
ਤੇਰੇ ਨਾਲ ਹੁਣ ਹੱਥ ਵਟਾਏ ਕੇਹੜਾ।
ਨੌਕਰਸ਼ਾਹੀ ਤੇ ਪੰਥ ਦਾ ਜੰਗ ਲਗਾ,
ਹੁਣ ਦੇਖੀਏ ਜਿੱਤ ਲੇ ਜਾਏ ਕੇਹੜਾ।
ਅਸੀਂ ਖਾਵਾਂਗੇ ਗੋਲੀਆਂ ਵਿੱਚ ਸੀਨੇ,
ਅੱਗੇ ਚਲਕੇ ਹੱਠ ਨਿਭਾਏ ਕੇਹੜਾ।
ਭਾਈ ਵੇਰੂ ਪੈ ਗਈ ਆ ਰਾਤ ਕਾਲੀ,
ਦੀਵਾ ਪ੍ਰੇਮ ਦਾ ਚਲ ਜਗਾਏ ਕੇਹੜਾ।

—○-o-○—

ਕਿਥੋਂ ਭਾਲੀਏ ਅਸੀ ਦਾਨਾ ਜਾਕੇ,
ਨੌਕਰਸ਼ਾਹੀ ਨੂੰ ਆਣ ਸਮਝਾਏ ਕੇਹੜਾ।
ਤੇਰੇ ਬਾਝ ਨਾ ਕਲਗੀਆਂ ਵਾਲਿਆ ਵੇ,
ਮਾਰ ਜ਼ਾਲਮਾਂ ਤਾਈਂ ਖਪਾਏ ਕੇਹੜਾ।

—○-o-○—

## ਸ੍ਰਦਾਰ ਤੇਜਾ ਸਿੰਘ ਭੁਚਰ ਦੀ ਗ੍ਰਿਫਤਾਰੀ ਤੇ ਇਕ ਭੁਜੰਗੀ ਨੇ ਵਧਾਈ ਦੇਣੀ

ਵਧਾਈ ! ਵਧਾਈ ! ਵਧਾਈ !!!
ਨੌਕਰ ਸ਼ਾਹੀ ਦੇ ਖੋਹਲਕੇ ਪਾਜ ਭਾਈ,

ਨਹੀਂ ਛਡਿਆ ਫਰਕ ਸੁਨਾਣ ਅੰਦਰ

ਨਰਵੜ ਨਗਰ ਦੇ ਵਿਚ ਦੀਵਾਨ ਲੱਗਾ,
ਪਾਸ ਹੋਏ ਗੁਰਮਤੇ ਗੁਰ ਸ਼ਾਨ ਅੰਦਰ।
ਜਾ ਸਿੰਘ ਪਿਆਰਾ ਜਥੇਦਾਰ ਸਾਡਾ,
ਸਾਰੇ ਆਖਦੇ ਹੋ ਹੈਰਾਨ ਅੰਦਰ।
ਨੌਕਰ ਸ਼ਾਹੀ ਨੂੰ ਸੁਣੋ ਧਿਆਨ ਦੇਕੇ,
ਪਾਉਂਦੇ ਲਾਨ੍ਹਤਾਂ ਲੋਕ ਦੀਵਾਨ ਅੰਦਰ।

—o—

ਧੰਨ ਧੰਨ ਕੁਰਬਾਨੀ ਹੈ ਧੰਨ ਤੇਰੀ,
ਧੰਨ ਪੇਟ ਚੋਂ ਕਢਿਆ ਮਾਈਏ ਜੀ
ਕੀਤੇ ਕੰਮ ਹੈ ਤੁਸਾਂ ਨੇ ਬਹੁਤ ਸਾਟੇ,
ਗਿਣ ਗਿਣ ਕੇ ਕੇਹੜੇ ਸੁਣਾਈਏ ਜੀ।
ਤਰਨ ਤਾਰਨ ਤੇ ਬਾਬੇ ਦੀ ਬੇਰ ਪੰਜਾ,
ਅਕਾਲਤਖਤ ਦੀ ਕੀਤੀ ਸੁਧਾਈ ਏ ਜੀ।
ਕੀ ਦਸਣਾ ਜਾਣਦੇ ਲੋਕ ਸਾਰੇ,
ਇਕੋ ਆਖਦਾ ਧੰਨ ਕਮਾਈ ਏ ਜੀ।

—o—

ਹਾਇ ! ਪਾਪੀਆਂ ਪਕੜਕੇ ਸੂਰਮੇ ਨੂੰ,
ਸੱਤ ਸਾਲ ਦੀ ਜੇਹਲ ਦਖਾਈਏ ਜੀ
ਦੁੱਖ ਭੰਨਕੇ ਕਦੀ ਨ ਦੇਖਿਆ ਸੀ,
ਅਜ ਜ਼ਾਲਮਾਂ ਚੱਕੀ ਪਿਹਾਈਏ ਜੀ
ਸਰਬ ਸੰਮਤੀ ਨਾਲ ਇਹ ਪਾਸ ਕੀਤਾ,
ਘੱਟਾ ਸਿਰ ਸਰਕਾਰ ਦੇ ਪਾਈਏ ਜੀ।
ਨਰਵੜ ਨਗਰ ਦੇ ਵਲੋਂ ਨਰਿੰਜਨ ਸਿੰਘਾ,

ਤੇਜਾ ਸਿੰਘ ਨੂੰ ਅੱਜ ਵਧਾਈਏ ਜੀ।

---o---

ਮੇਰਾ ਸੁਣਦਿਆਂ ਕਾਲਜਾ ਪਾਟ ਗਿਆ,
ਜਥੇਦਾਰ ਜੀ ਕਸ਼ਟ ਉਠਾਂਵਦੇਨੇ।
ਵਿਚ ਪਿੰਜਰੇ ਪਾਇਕੇ ਸ਼ੇਰ ਬਾਂਕਾ,
ਜ਼ਾਲਮ ਖੜੀ ਹੱਥਕੜੀ ਲਗਾਂਵਦੇ ਨੇ।
ਨਹੀਂ ਦੋਸ਼ ਬੇ ਦੋਸ਼ ਨੂੰ ਰਖ ਪਾਲੇ,
ਪਾਪੀ ਦੇਖ ਲੌ ਕੇਹਰ ਕਮਾਂਵਦੇ ਨੇ।
ਅੱਜ ਦੇਖਕੇ ਦੁਖ ਧਰਮਾਤਮਾ ਦਾ,
ਉਛਲ ਕਾਲਜੇ ਮੂੰਹ ਨੂੰ ਆਂਵਦੇ ਨੇ।

---o---

ਕਲਗੀ ਵਾਲਿਆ ਸੁਣੀ ਪੁਕਾਰ ਸਾਡੀ,
ਅਸੀ ਹੋਏ ਹਾਂ ਬੜੇ ਲਾਚਾਰ ਸਤਿਗੁਰ।
ਕੀ ਹੋ ਗਿਆ ਅੱਜ ਗੁਨਾਹ ਸਾਥੋਂ,
ਦਿਨੇ ਰਾਤ ਹੀ ਰਹੇ ਵਿਚਾਰ ਸਤਿਗੁਰ।
ਨਹੀਂ ਭੁਲ ਜਾਣੀ ਸਿੱਖ ਕੌਮ ਨੂੰ ਇਹ,
ਜੇਹੜੀ ਜ਼ਾਲਮਾਂ ਨੇ ਕੀਤੀ ਕਾਰ ਸਤਿਗੁਰ।
ਚਲੇ ਵੱਸ ਨਾਂ ਸਾਡਾ ਨਿਰੰਜਨ ਸਿੰਘਾ,
ਹੋਊ ਸੋ ਜੋ ਕਰੇ ਕਰਤਾਰ ਸਤਿਗੁਰ

---o---

## ਮਹਾਰਾਜ ਦੀ ਦੇਹ ਵਿਚ ਗੋਲੀ ਵਜਣੀ ਤੇ ਸ: ਲਛਮਣ ਸਿੰਘ ਨੂੰ ਜੰਡ ਨਾਲ ਬੰਨ੍ਹਣਾ

ਵਜੀ ਜਦੋਂ ਦਰਬਾਰ ਦੇ ਵਿੱਚ ਗੋਲੀ,

ਪਈਆਂ ਦੇਸ਼ ਦੇ ਵਿਚ ਦੁਹਾਈਆਂ ਨੇ!
ਹਾ ਹਾ ਕਾਰ ਹੋਈ ਸਾਰੇ ਦੇਸ਼ ਅੰਦਰ,
ਹਰ ਇਕ ਨੂੰ ਜ਼ਰਦੀਆਂ ਛਾਈਆਂ ਨੇ!
ਸਿੱਖ ਕੌਮ ਦੇ ਦਿੱਲ ਨੂੰ ਸੱਟ ਵਜੀ,
ਉਚੀ ਆ ਖਆ ਮਾਈਆਂ ਭਾਈਆਂ ਨੇ!
ਬੇੜਾ ਜ਼ਾਲਮਾਂ ਦਾ ਗਰਕ ਕਰੀਂ ਰੱਬਾ,
ਕੀਤਾ ਕੈਹਰ ਜੋ ਇਨਾਂ ਕਸਾਈਆਂ ਨੇ!
ਪੈਹਲਾਂ ਗੋਲੀਆਂ ਖਧੀਆਂ ਆਪ ਸੀਨੇ,
ਹਿਕਾਂ ਜ਼ਾਲਮਾਂ ਦੇ ਅਗੇ ਡਾਹੀਆਂ ਨੇ!
ਵੀਰ ਦਲੇ ਸੀ ਹੋਇਕੇ ਢਾਲ ਵਾਂਙੂ,
ਖੇਡਾਂ ਸਿੰਘਾਂ ਨੇ ਵਾਹ ਵਾ ਦਖਾਈਆਂ ਨੇ!
ਅੱਜ ਹੋਗਏ ਲੂਣ ਹਰਾਮ ਪਾਪੀ,
ਜੇਹੜੇ ਪੀਂਵਦੇ ਨਿੱਤ ਸ਼ਰਦਾਈਆਂ ਨੇ
ਚੁਣ ਚੁਣਕੇ ਮਾਰਿਆ ਅੰਦਰਾਂ ਤੋਂ,
ਕਰ ਕਰਕੇ ਬੇ ਪਰਵਾਹੀਆਂ ਨੇ!

—○-o-○—

ਲਛਮਨ ਸਿੰਘ ਨੂੰ ਧੂ ਕਸਾਈਆਂ ਨੇ,
ਝੱਟ ਜੰਡ ਦੇ ਨਾਲ ਟੰਗਾਏ ਦਿੱਤਾ!
ਹੇਠਾਂ ਲਕੜਾਂ ਰਖਕੇ ਪਾਜੀਆਂ ਨੇ,
ਲੰਬੂ ਓਸਦੇ ਤਾਂਈਂ ਲਗਾਏ ਦਿੱਤਾ!
ਛਾਤੀ ਕੰਬਦੀ ਹੈ ਵੇਲਾ ਯਾਦ ਕਰਕੇ,
ਦੋ ਸੌ ਅੱਜ ਦੇ ਦਿਨ ਜਲਾਏ ਦਿੱਤਾ!
ਜੜ ਪੁਟਕੇ ਸੁਟ ਸਮੁੰਦਰ ਦਿੱਤੀ,
ਸ਼ਾਂਤਮਈ ਦਾ ਹੱਥ ਵਖਾਏ ਦਿੱਤਾ!

## ਗੁਰੂ ਕਲਗੀਧਰ ਜੀ ਅਗੇ ਬੇਨਤੀ

ਕਲਗੀ ਵਾਲਿਆ ਪੁਛਦੇ ਹਾਂ ਤੈਥੋਂ,
ਜ਼ਰਾ ਖੋਲ੍ਹਕੇ ਹਾਲ ਸੁਨਾਈਏ ਜੀ।
ਝੱਖੜ ਝੁਲਿਆ ਕੈਹਰ ਦਾ ਬੁਰਾ ਡਾਢਾ,
ਕਿਨਾਂ ਚਿਰ ਏਹ ਕਸ਼ਟ ਉਠਾਈਏ ਜੀ।
ਕਿਨਾਂ ਚਿਰ ਖਾਣੀ ਡਾਂਗ ਜ਼ਾਲਮਾਂ ਦੀ,
ਕਰਦੇ ਬੇਨਤੀ ਸੱਚ ਬਤਾਈਏ ਜੀ।
ਮੰਦਾ ਹਾਲ ਹੋਇਆ ਸਿੱਖ ਕੌਮ ਸੰਦਾ,
ਤਾਈਏਂ ਅਸਾਂ ਨੇ ਪਾਈ ਦੁਹਾਈਏ ਜੀ।

--◯-o-◯--

## ਉਤਰ ਗੁਰੂ ਜੀ !

ਬੇੜਾ ਪਾਪ ਦਾ ਛੇਤੀ ਹੀ ਗਰਕ ਹੋਣਾ,
ਦਿੱਲ ਆਪਣੇ ਧੀਰ ਧਰਾਓ ਬੱਚਾ।
ਏਸੇ ਫਿਕਰ ਅੰਦਰ ਮੈਂ ਭੀ ਨਿੱਤ ਰਹਿੰਦਾ,
ਰੋ ਰੋ ਕੇ ਨਾਂ ਦਖਾਓ ਬੱਚਾ।
ਕੀ ਹੋਗਿਆ ਜ਼ਾਲਮਾਂ ਅੱਤ ਚਾਈ,
ਤੁਸੀ ਆਪਣਾ ਹੱਠ ਨਭਾਓ ਬੱਚਾ।
ਜਿੱਥੇ ਹੋਵੇ ਅਸੂਲ ਦਾ ਘਾਤ ਰਤੀ,
ਓਥੇ ਛੇਤੀ ਵਹੀਰ ਪਾ ਜਾਓ ਬੱਚਾ।
ਅੰਤ ਤੁਸਾਂ ਦੀ ਫਤੇ ਹੀ ਹੋਵਣੀ ਜੇ,
ਭਾਵੇਂ ਕਿਤਨੇ ਹੱਡ ਤੁੜਾਓ ਬੱਚਾ।
ਹੋਵੇ ਗੋਲੀ ਪੈਂਦੀ ਭਾਵੇਂ ਮੀਂਹ ਵਾਂਗੂ,
ਪਿਛੇ ਭੱਜ ਨਾ ਪਿੱਠ ਦਖ

ਦੀਨ ਦੁਨੀਂ ਦੇ ਮਾਲਕਾ ਕਰੀਏ ਕੀ,
ਬੁਰਾ ਮਾਰਕੇ ਖਾਕ ਰਲਾਂਵਦੇ ਨੇ।
ਖੁਲੀ ਕੱਤਲਗਾਹ ਵਿਚ ਹਿੰਦੁਸਤਾਨ ਸਾਰੇ,
ਮਾਰ ਬਕਰੇ ਵਾਂਗ ਮੁਕਾਂਵਦੇ ਨੇ।
ਰਹਿ ਲਿਸ਼ਕਦੀ ਨਿੱਤ ਤਲਵਾਰ ਸਿਰ ਤੇ,
ਬੱਚੇ ਬੁਢਿਆਂ ਤਾਈਂ ਸਤਾਂਵਦੇ ਨੇ।
ਕਰਕੇ ਕੁਰਕੀਆਂ ਕਰ ਕੰਗਾਲ ਦਿੱਤਾ,
ਸਾਰਾ ਮਾਲ ਵਲੈਤ ਪੁਚਾਂਵਦੇ ਨੇ।
ਅਸੀ ਤਰਸਦੇ ਹਾਂ ਇਕ ਟੁੱਕ ਬਾਝੋਂ,
ਡੱਬਲ ਰੋਟੀਆਂ, ਕੇਕ ਉਡਾਂਵਦੇ ਨੇ।
ਸਾਨੂੰ ਲੱਭਦਾ ਨਹੀਂ ਲੀੜਾ ਇਕ ਉਤੇ,
ਏਹ ਬਿਰਜਸਾਂ ਖੂਬ ਹੰਡਾਂਵਦੇ ਨੇ।
ਦੇਖੋ ਫੋਲ ਪਿਛੇ ਤਵਾਰੀਖ ਸਾਰੀ,
ਕਿਵੇਂ ਤਰਲੇ ਕੱਢ ਕੇ ਆਂਵ ਨੇ।
ਬਚੇ ਬੱਚੀਆਂ ਤੁਸਾਂ ਦੇ ਹਾਂ ਅਸੀ,
ਅਗੋਂ ਬੋਲ ਕੇ ਇਹ ਸੁਣਾਂਵਦੇ ਨੇ।
ਵੇਖੋ ਅੱਜ ਮਹਾਰਾਜ ਦਲੀਪ ਤਾਈਂ,
ਅਜੇ ਤੱਕ ਏ ਤਖਤ ਬਠਾਂਵਦੇ ਨੇ।
ਪੜ੍ਹੋ ਅੱਜ ਦਾ ਹਾਲ ਗੁਰਦਿਆਲ ਸਿੰਘਾ,
ਦੇਖੋ ਕਿਸ ਤਰਾਂ ਕਹਿਰ ਕਮਾਂਵਦੇ ਨੇ।

ਮਹਾਰਾਜ ਦਲੀਪ ਤਾਂ ਰਿਹਾ ਕਿਧਰੇ,
ਭਾਣਾ ਹੋਰ ਦਾ ਹੋਰ ਵਰਤਾਇ ਦਿੱਤਾ
ਮਹਾਰਾਜ ਰਿਪੁਦਮਨ ਨੂੰ ਲੁਟ ਕਰਕੇ,

ਬਾਲ ਬੱਚਾ ਵੀ ਕਰ ਜੁਦਾਇ ਦਿੱਤਾ।
ਐਪਰ ਸ਼ਾਬਾਸ਼ੇ ਓਸ ਨੂੰ ਆਖੀਏ ਜੀ,
ਜਿਨ ਆਪਣਾ ਹੱਠ ਨਿਭਾਇ ਦਿੱਤਾ।
ਤਨ ਮਨ ਤੇ ਧਨ "ਉਡਾਰੂਆ" ਵੇ,
ਕਰ ਕੌਮ ਤੋਂ ਸਭ ਫ਼ਿਦਾਇ ਦਿੱਤਾ।

## ਜੇਲ੍ਹਾਂ ਦੇ ਦੁੱਖ!

ਆਓ ਦੇਖੀਏ ਅੱਜ ਪਰਵਾਨਿਆਂ ਨੂੰ,
ਕਿਵੇਂ ਜੇਲ੍ਹਾਂ ਦੇ ਦੁਖ ਸਹਾਰਦੇ ਨੇ।
ਹੱਸ ਹੱਸ ਚੜ੍ਹਦੇ ਉਤੇ ਫਾਂਸੀਆਂ ਦੇ,
ਬੈਂਤ ਮਾਰ ਕੇ ਖੱਲ ਉਤਾਰਦੇ ਨੇ।
ਨਹੀਂ ਡੋਲਦੇ ਕਸ਼ਟ ਦੇ ਵਿਚ ਪੈ ਕੇ,
ਮੁਖੋਂ ਵਾਹਿਗੁਰੂ ਨਾਮ ਚਿਤਾਰਦੇ ਨੇ!
ਕਈ ਸਾਲ ਹੋ ਗਏ ਜੇਲ੍ਹ ਵਿਚ ਬੈਠੇ,
ਖੁਸ਼ੀ ਖੁਸ਼ੀ ਦੇ ਨਾਲ ਗੁਜ਼ਾਰਦੇ ਨੇ।
ਲਾ ਲੈ ਪਾਪੀਆਂ ਜਿਤਨਾਂ ਜ਼ੋਰ ਤੇਰਾ,
ਅਗੋਂ ਸ਼ੇਰ ਦੇ ਵਾਂਗ ਲਲਕਾਰਦੇ ਨੇ।
ਸੱਚੇ ਗੁਰੂ ਦੇ ਸਿੰਘ ਗੁਰਦਿਆਲ ਸਿੰਘਾ,
ਧਰਮ ਹੇਤ ਜਾ ਸੀਸ ਨੂੰ ਵਾਰਦੇ ਨੇ।

———੪੦੪———

## ਦੇਖੋ ਭਾਈ ਰਣਧੀਰ ਸਿੰਘ ਨੂੰ ਜੇਹੜੇ ਦਿੱਲੀ ਦੇ ਗੁਰਦਵਾਰੇ ਤੋਂ ਸਾਰੀ ਉਮਰ ਲਈ ਜੇਲ੍ਹ ਵਿਚ ਬੈਠੇ ਹੋਇ ਨੇ !

ਦੇਖੋ ਸਿੰਘ ਰਣਧੀਰ ਨੂੰ ਖਾਲਸਾ ਜੀ,
ਕੇਹੜੇ ਜ਼ੁਲਮ ਤੋਂ ਜੇਲ੍ਹ ਪੁਚਾਇਆ ਸੀ
ਏਸੇ ਦੇਸ ਖਾਤਰ ਨਾਵੇਂ ਪਾਤਸ਼ਾਹ ਨੇ,
ਦਿੱਲੀ ਵਿਚ ਜਾ ਸੀਸ ਨੂੰ ਲਾਇਆ ਸੀ।
ਓਥੇ ਬਣਿਆਂ ਸੋਹਣਾ ਗੁਰਧਾਮ ਵੀਰੋ,
ਜਿਥੇ ਪਾਪੀਆਂ ਕਹਿਰ ਕਮਾਇਆ ਸੀ।
ਜਦੋਂ ਢਾਈ ਫਰੰਗੀਆਂ ਕੰਧ ਜਾ ਕੇ,
ਭਾਈ ਸਿੰਘ ਰਣਧੀਰ ਅਟਕਾਇਆ ਸੀ।
ਬੁਰਾ ਦੁੱਖ ਦਿੱਤਾ ਏਹਦੇ ਸਾਥੀਆਂ ਨੂੰ,
ਉਤੇ ਫਾਂਸੀਆਂ ਚਾ ਲਟਕਾਇਆ ਸੀ।
ਏਨ ਡਕਿਆ ਕਿਉਂ ਗੁਰਦਿਆਲ ਸਿੰਘਾ,
ਉਮਰ ਕੈਦ ਦਾ ਹੁਕਮ ਸੁਣਾਇਆ ਸੀ।

———

## ਔਰੰਗਜ਼ੇਬੀ ਜ਼ੁਲਮ !

ਔਰੰਗਜ਼ੇਬ ਨੇ ਜ਼ੁਲਮ ਕਮਾਲ ਕੀਤਾ,
ਓਹ ਭੀ ਹੋਇਆ ਨਾ ਏਸ ਦੇ ਤੁਲ ਬੇਲੀ
ਦੁਹਾਂ ਪਾਸਿਆਂ ਵਲੋਂ ਤਲਵਾਰ ਖੜਕੀ,
ਝੱਖੜ ਰਿਹਾ ਅੰਧੇਰੀ ਦਾ ਝੁਲ ਬੇਲੀ
ਮਾਣ ਤੋੜ ਦਿੱਤਾ ਸਿੰਘਾਂ ਵੈਰੀਆਂ ਦੇ,

ਜ਼ਿਮੀਂ ਉਤੇ ਰਹਿ ਮੁਰਦੇ ਰੁਲ ਬੇਲੀ।
ਐਡੇ ਕਹਿਰ ਕਮਾਂਵਦੇ ਰਹੇ ਜੇਹੜੇ,
ਦੀਵਾ ਹੋ ਗਿਆ ਉਨ੍ਹਾਂ ਦਾ ਗੁਲ ਬੇਲੀ।

—o—

## ਝੋਲੀ ਚੁਕੋ ਯਾਦ ਕਰੋ ਤੁਹਾਡੇ ਨਾਲ ਓਹ ਹੋਵੇਗੀ ਜੋ ਪਿਛੇ ਕੌਮ ਘਾਤੀਆਂ ਨਾਲ ਹੋਈ ਸੀ

ਮਾਰੋ ਖਾਂ ਧਿਆਨ ਜ਼ਰਾ ਪਿਛਲੇ ਸਮੇਂ ਦੇ ਵੱਲ,
ਔਰੰਗਜ਼ੇਬ ਵੇਲੇ ਜ਼ੁਲਮ ਕਿਸ ਤਰਾਂ ਕਮਾਈ ਦਾ।
ਸੁੱਚਾ ਨੰਦ ਪਾਸੋਂ ਨਾਲੇ ਪੁਛੋ ਜਾ ਕੇ ਹਾਲ ਸਾਰਾ,
ਬਚਿਆਂ ਮਾਸੂਮਾਂ ਨੀਹਾਂ ਕਿਸ ਤਰਾਂ ਚਿਨਾਈ ਦਾ।
ਚੰਦੂ ਪਾਪੀ ਕਹਿਰ ਕੀਤਾ ਨੱਕ ਵਿਚ ਨੱਥ ਪਾਈ,
ਗਲੀ ਗਲੀ ਕੂਚੇ ਕੂਚੇ ਕਿਸ ਤਰਾਂ ਫਿਰਾਈ ਦਾ।
ਮੀਰ ਮੰਨੂ ਆਇ ਕੇ ਲਾਹੌਰ ਵਿਚ ਕਹਿਰ ਕੀਤਾ,
ਤੀਵੀਆਂ ਦੇ ਕੋਲੋਂ ਦਾਣਾ ਕਿਸ ਤਰਾਂ ਭਿਆਈ ਦਾ।
ਸ੍ਰੀ ਦਰਬਾਰ ਵਿਚ ਪੁਛੋ ਜਾ ਕੇ ਰੰਘੜੇ ਤੋਂ,
ਕੰਜਰੀ ਦਾ ਨਾਚ ਓਥੇ ਕਿਸ ਤਰਾਂ ਕਰਾਈ ਦਾ।
ਬੀਕਾਨੇਰ ਵਿਚੋਂ ਕੱਢ ਨੰਗੀ ਤਲਵਾਰ ਭਾਈ,
ਸੁਧਾਸਰ ਵਲੇ ਕਿਵੇਂ ਭੱਜ ਭੱਜ ਆਈ ਦਾ।
ਬੱਚਾ ਬੱਚਾ ਜਾਣਦਾ ਹੈ ਵਿਚ ਇਤਹਾਸ ਵੇਖੋ,
ਰੰਘੜੇ ਦਾ ਸਿਰ ਫੇਰ ਕਿਸ ਤਰਾਂ ਉਡਾਈ ਦਾ।
ਘਾਤ ਕੀਤਾ ਕੌਮ ਸੰਦਾ ਰੱਜ ਰੱਜ ਅੱਜ ਤੁਸੀ;
ਫਿਟੇ ਮੂੰਹ ਨਾਲੇ ਏਸ ਤੁਸਾਂ ਦੀ ਕਮਾਈ ਦਾ।
ਝੋਲੀ ਚੁਕੋ ਅਜੇ ਵੀ ਨਾ ਬਾਜ਼ ਆਇਓ ਏਸ ਗਲੋਂ,

ਕੋਈ ਨਾ ਫਿਕਰ ਤੁਹਾਨੂੰ ਹਿੰਦ ਦੀ ਤਬਾਹੀ ਦਾ ।
ਪੁਛਾਂਗੇ ਤੁਹਾਨੂੰ ਜ਼ਰਾ ਥੋੜਾ ਚਿਰ ਠਹਿਰ ਜਾਓ,
ਫੜ ਫੜ ਜੇਹਲਾਂ ਵਿਚ ਕਿਸ ਤਰਾਂ ਪੁਚਾਈ ਦਾ ।

—o—

## ਜੈਤੋ ਦੇ ਬੁਢੇ ਤੇ ਬਾਲ ਗ੍ਰਿਫਤਾਰਹੋਏ ਸਿੰਘਾਂ ਦਾ ਬਾਵਲ ਦੇ ਜੰਗਲ ਵਿਚੋਂ ਕਲਗ਼ੀਧਰ ਦੇ ਨਾਮ ਸੁਨੇਹਾ !

ਹਵਾ ਠੰਡੀਏ ! ਕਲਗੀਆਂ ਵਾਲੜੇ ਨੂੰ,
ਹੁੰਦੇ ਅੱਜ ਬੇ ਦੋਸਾਂ ਤੇ ਕਹਿਰ ਆਖੀਂ ।
ਡਾਂਗਾਂ ਪੈਂਦੀਆਂ ਮੀਂਹ ਦੇ ਵਾਂਗ ਸਾਨੂੰ,
ਗਲੀ ਗਲੀ ਬਾਜ਼ਾਰ ਤੇ ਸ਼ਹਿਰ ਆਖੀਂ ।
ਤੁਰਿਆ ਜਾਂਵਦਾ ਨਹੀਂ ਵਿਚ ਜੰਗਲਾਂ ਦੇ,
ਹੇਠਾਂ ਭੁੱਖੜੇ ਤੇ ਪਾਟੇ ਪੈਰ ਆਖੀਂ ।
ਰੱਖੀ ਅਸਾਂ ਨੇ ਤੁਸਾਂ ਦੀ ਓਟ ਇਕੋ,
ਸ਼ਾਂਤਮਈ ਦਾ ਪਾ ਜਾ ਖੈਰ ਆਖੀਂ ।

—o—

ਤੇਰੇ ਬੁਢੇ ਵੀ ਪਏ ਪੁਕਾਰ ਕਰਦੇ,
ਦਿੱਤਾ ਜ਼ਾਲਮਾਂ ਨੇ ਸਾਨੂੰ ਦੁਖ ਆਖੀਂ ।
ਅੰਨ ਪਾਣੀ ਨਾ ਵਿਚ ਨਸੀਬ ਸਾਡੇ,
ਡਾਢੀ ਆਨ ਸਤਾਂਵਦੀ ਭੁਖ ਆਖੀਂ ।
ਅਸੀਂ ਹਾਂ ਬੁਢੇ ਤੁਰਿਆ ਜਾਂਵਦਾ ਨਹੀਂ,
ਬਿਨਾਂ ਪਾਣੀਓਂ ਸੁਕ ਗਏ ਮੁਖ ਆਖੀਂ ।
ਛੇਤੀ ਆਣ ਕੇ ਸਾਰ ਲੈ ਵਾਲੀਆ ਵੇ,

ਧੂਹ ਬਾਹ ਕੇ ਖਾ ਰਹੇ ਰੁਖ ਆਖੀਂ ।
ਕਲਗ਼ੀ ਵਾਲਿਆ ਅੱਜ ਮਾਸੂਮ ਤੇਰੇ,
ਪੈ ਜੰਗਲਾਂ ਦੇ ਵਿਚ ਰੋਂਵਦੇ ਨੇ ।
ਪੁਛੇ ਬਾਤ ਨਾ ਕੋਈ "ਉਡਾਰੂਆ" ਵੇ,
ਦੇਖੋ ਹੰਝੂਆਂ ਹਾਰ ਪਰੋਂਵਦੇ ਨੇ ।

—o—

## ਗੜਗੱਜ ਅਕਾਲੀ ਦੀਵਾਨ ਦੀ ਬਹਾਦਰੀ !

ਨੌਕਰਸ਼ਾਹੀ ਨੂੰ ਪਾਂਵਦਾ ਵਖਤ ਡਾਢਾ,
ਕੈਂਹਦੇ ਲੋਕ ਗੜਗੱਜ ਦੀਵਾਨ ਭਾਈ ।
ਕਈ ਸੋਧ ਗੁਰਧਾਮ ਆਜ਼ਾਦ ਕੀਤੇ,
ਦਸਾਂ ਮੈਂ ਕੀ ਦਸੇ ਨ ਜਾਨ ਭਾਈ ।
ਸੇਵਾ ਪੰਥ ਦੀ ਨਿੱਤ ਹੀ ਰਹੇ ਕਰਦੇ,
ਕਸ਼ਟ ਝੱਲ ਸਰੀਰ ਮਹਾਨ ਭਾਈ ।
ਨਿੱਤ ਨੇਮ ਦੇ ਵਿਚ ਭਰਪੂਰ ਸਾਰੇ,
ਸੋਹਣੇ ਗਬਰੂ ਸ਼ੈਲ ਜੁਵਾਨ ਭਾਈ ।
ਜਿਥੇ ਹੋਵੇ ਅਸੂਲ ਦਾ ਘਾਤ ਲੋਕੋ,
ਭੁਜੇ ਵਾਂਗ ਪਤੰਗਿਆਂ ਜਾਨ ਭਾਈ ।
ਮੁਦਾ ਗਲ ਕੀ ਨਹੀਂ ਤਰੀਫ ਹੁੰਦੀ,
ਲੰਡੀ ਬੁਚੀ ਆ ਸੀਸ ਨੁਵਾਨ ਭਾਈ ।
ਡਾਂਗਾਂ ਖਾਦੀਆਂ ਗੁਰੂ ਕੇ ਬਾਗ਼ ਅੰਦਰ,
ਅਗੇ ਕਰਾਂ ਕੀ ਮੈਂ ਬਿਆਨ ਭਾਈ ।
ਲਗਾ ਮੋਰਚਾ ਨਾਭੇ ਦੇ ਵਿਚ ਜਦੋਂ,
ਪੰਥ ਨਾਲ ਜਾ ਹੱਥ ਵਟਾਨ ਭਾਈ ।

(ਪੰਜ ੨ ਸੌ ਜਥੇ ਦੇ ਨਾਲ ਵੀਰੋ,
ਜਾਂਦਾ ਰਿਹਾ ਦੀਵਾਨ ਗੜਗੱਜ ਵਾਹਵਾ!
ਨਾਭੇ ਜਾਵਣਾ ਗੋਲੀਆਂ ਖਾਵਣੇ ਨੂੰ,
ਨੌਕਰਸ਼ਾਹੀ ਨੂੰ ਆਖਦਾ ਵੱਜ ਵਾਹਵਾ!
ਮਾਰ ੨ ਕੇ ਲਾ ਸਥਾਰ ਦਿਤੇ,
ਨਹੀਂ ਛਡਿਆ ਜ਼ਾਲਮਾਂ ਹੱਜ ਵਾਹਵਾ
ਨਹੀਂ ਲਿਖਨਦੀ ਵਾਹ ਗੁਰਦਿਆਲ ਸਿੰਘਾ,
ਸੇਵਾ ਪੰਥ ਸੰਦੀ ਕੀਤੀ ਰੱਜ ਵਾਹਵਾ!

---o---

## ਭੁਜੰਗੀ ਪ੍ਰੀਤਮ ਸਿੰਘ ਨਰਵੜ ਨਿਵਾਸੀ ਨੇ ਤੀਜੇ ਸ਼ਹੀਦੀ ਜਥੇ ਨਾਲ ਜਾਣਾ

ਨਰਵੜ ਨਗਰ ਤੇ ਜ਼ਿਲਾ ਲਾਹੌਰ ਵਿਚੋਂ,
ਰਾਤੋ ਰਾਤ ਹੀ ਚਲਿਆ ਲਾਲ ਦੇਖੋ
ਛੋਟੀ ਉਮਰ ਦਾ ਅਜੇ ਮਾਸੂਮ ਬੱਚਾ,
ਚੜ੍ਹਿਆ ਬਾਹਰਵਾਂ ਤੇਰ੍ਹਵਾਂ ਸਾਲ ਦੇਖੋ।
ਪਤਾ ਲਗਾ ਸ਼ਹੀਦਾਂ ਦੇ ਜਾਵਨੇ ਦਾ,
ਸੁਧਾਸਰ ਪਹੁੰਚਾ ਆਇ ਬਾਲ ਦੇਖੋ।
ਦੇਖਨ ਵਾਲਿਆਂ ਦੀ ਅਖੀਂ ਨੀਰ ਤੁਰਿਆ,
ਚੇਹਰਾ ਬਲਦਾ ਵਾਂਗ ਮਸਾਲ ਦੇਖੋ।
ਦਫਤਰ ਪਹੁੰਚ ਗੜਗੱਜ ਦੀਵਾਨ ਅੰਦਰ,
ਸਾਰਾ ਦਸਿਆ ਹਾਲ ਹਵਾਲ ਦੇਖੋ।
ਕੰਮ ਕਾਰ ਨੂੰ ਮਾਰਕੇ ਲੱਤ ਆਇਆ,
ਮਾਰੋ ਬੱਚੇ ਦੇ ਵਲ ਖਿਆਲ ਦੇਖੋ।

ਪ੍ਰੀਤਮ ਸਿੰਘ ਜੀ ਪ੍ਰੀਤ ਨੂੰ ਲਾਏ ਬੈਠਾ,
ਛੱਡ ਕੂੜ ਸੰਸਾਰ ਦੇ ਜਾਲ ਦੇਖੋ।
ਨਹੀਂ ਸੀ ਝਲਿਆ ਜਾਂਵਦਾ ਤੇਜ ਉਸਦਾ,
ਸੋਹਣਾ ਰੰਗ ਦਾ ਬਹੁਤ ਕਮਾਲ ਦੇਖੋ।
ਗੋਲੀ ਜ਼ਾਲਮਾਂ ਦੀ ਖਾਣੀ ਹਿੱਕ ਉਤੇ,
ਬਣਕੇ ਗਿਆ ਸ਼ਿਕਾਰੀ ਦੀ ਢਾਲ ਦੇਖੋ।
ਅੱਜ ਧਰਮ ਤੋਂ ਹੋਣ ਕੁਰਬਾਨ ਲਗਾ,
ਪੜ੍ਹਿਆ ਹੋਇਆ ਸੀ ਬਹੁਤ ਕਮਾਲ ਦੇਖੋ।
ਪੈਂਦੀ ਜ਼ਾਲਮਾਂ ਦੀ ਗੋਲੀ ਮੀਂਹ ਵਾਂਗੂੰ,
ਦੁਖੀ ਹੋ ਰਿਹਾ ਸੀ ਵਲ ਵਾਲ ਦੇਖੋ।
ਨਾਲ ਜਥੇ ਦੇ ਗਿਆ ਗੁਰਦਿਆਲ ਸਿੰਘਾ,
ਹੋਣੀ ਸੋ ਜੋ ਕਰੇ ਅਕਾਲ ਦੇਖੋ।

—o—

## ਸਿੰਘਾਂ ਦੇ ਨਾਮ ਜੇਹੜੇ ਕਿ ਨਰਵੜ ਜ਼ਿਲਾ ਲਾਹੌਰਵਿਚੋਂ ਸ਼ਹੀਦੀ ਜਥਿਆਂ ਦੇ ਨਾਲਗਏਸਨ

ਤੇਜਾ ਸਿੰਘ ਤੇ ਸਿੰਘ ਰਣਜੋਧ ਪਿਆਰਾ,
ਖਾਣ ਜ਼ਾਲਮਾਂ ਦੀ ਨਾਭੇ ਮਾਰ ਗਏ ਸਨ।
ਧਰਮ ਸਿੰਘ ਤੇ ਸਿੰਘ ਸੁਰੈਣ ਸੂਰਾ,
ਲਾਹ ਆਪਣੇ ਸਿਰਾਂ ਤੋਂ ਭਾਰ ਗਏ ਸਨ।
ਬੰਤਾ ਸਿੰਘ ਅਤੇ ਮੋਹਣ ਸਿੰਘ ਨਾਲੇ,
ਜਿੰਦ ਆਪਣੀ ਧਰਮ ਤੋਂ ਵਾਰ ਗਏ ਸਨ।
ਗੁਰਦਿਤ ਸਿੰਘ ਤੇ ਸਿੰਘ ਹਰਬੰਸ ਭਾਈ,
ਨੌਕਰਸ਼ਾਹੀ ਦੇ ਹਥੋਂ ਲਚਾਰ ਗਏ ਸਨ।

(ਕ੍ਰੇਹਰ ਸਿੰਘ ਜੀ ਸੂਰਮੇ ਸ਼ੇਰ ਵਰਗੇ,
ਘਰ ਵਸਦੇ ਛਡ ਪ੍ਰਵਾਰ ਗਏ ਸਨ।
ਏਨੇ ਨਰਵੜ ਦੇ ਵਿਚੋਂ ਗੁਰਦਿਆਲ ਸਿੰਘਾ,
ਹੋਰ ਕਈ ਬੇਅੰਤ ਸਰਦਾਰ ਗਏ ਸਨ।

—o—

ਨੋਟ—ਦੋ ਸਿੰਘ ਸਾਨਕਾ ਜ਼ਿਲਾ ਲਾਹੌਰ ਵਿਚੋਂ ਵੀ ਗਏ ਸਨ, ਜਿਨ੍ਹਾਂ ਦੇ ਨਾਮ ਏਹ ਹਨ ਭਾਈ ਰਤਨ ਸਿੰਘ ਜੀ ਅਤੇ ਭਾਈ ਈਸ਼ਰ ਸਿੰਘ ਜੀ ਏਹ ਸਜਨ ਗੜਗੱਜ ਅਕਾਲੀ ਦੀਵਾਨ ਦੇ ਮੈਂਬਰ ਹਨ।

—o—

## ਕਲਗੀਧਰ ਜੀ ਅਗੇ ਪੁਕਾਰ !

ਖਾਲਸਾ ਜੀ ! ਆਓ ਤੇ ਕਲਗੀਧਰ ਜੀ ਅਗੇ ਪੁਕਾਰ ਕਰੀਏ, ਕਿਉਂਕਿ ਸਾਡੇ ਪਾਸੋਂ ਹੁਣ ਮਾਰਾਂ ਨਾਹੀਂ ਖਾਧੀਆਂ ਜਾਂਦੀਆਂ, ਆਓ ! ਦਸਮੇਸ ਪਿਤਾ ਜੀ ਸਾਡਾ ਹਾਲ ਤਾਂ ਦੇਖੋ, ਅਸੀਂ ਨਿੱਤ ਬੇਨਤੀਆਂ ਕਰਦੇ ਹਾਂ ਕਿ ਸਾਡੇ ਉਤੇ ਮੇਹਰ ਕਰੋ ਤੇ ਸਾਨੂੰ ਪਰੀਖਿਆ ਵਿਚ ਨਾ ਪਾਓ। ਕਿਉਂਕਿ ਸਾਨੂੰ ਬੜਾ ਚਿਰ ਹੋ ਗਿਆ ਹੈ, ਆਪ ਨੂੰ ਪਤਾ ਹੈ ਕਿ ਨਨਕਾਣੇ ਸਾਹਿਬ ਦੋ ਸੌ ਜ਼ਿੰਦਾਂ ਤੇਲ ਪਾਕੇ ਅਗ ਦੇ ਵਿਚ ਸਾੜੀਆਂ ਗਈਆਂ ਸਨ, ਦੂਜਾ ਗੁਰੂ ਕੇ ਬਾਗ਼ ਦੇਖੋ ਕਿ ਸਾਡੇ ਉਤੇ ਮੀਂਹ ਵਾਂਗੂੰ ਡਾਗਾਂ ਬਰਸਾਂਈਆਂ ਤੇ ਛਪੜਾਂ ਵਿਚ ਗੋਤੇ ਦਿਤੇ, ਗੱਲ ਕੀ ਧਰਮੀ ਸਿੰਘਾਂ ਉਤੇ ਬੁਰਾ ਕੈਹਰ ਕਹਾਰ ਵਰਤ ਗਿਆ ਜਿਸ ਨੂੰ ਦੇਖਕੇ ਚੰਦ ਸੂਰਜ ਏਸਤਰਾਂ ਆਖਦੇ ਸਨ:—

[ ਦਵੈਯਾ ਛੰਦ ]

ਗੁਰੂ ਅਰਜਨ ਜੀ ਧਾਮ ਤੁਸਾਂ ਦੇ ਸਿੰਘ ਤੁਸਾਂਦੇ ਆਏ !
ਖਾਦਾ ਖੌਫ ਕਸਾਈਆਂ ਨਾਹੀਂ ਡਾਂਗਾਂ ਨਾਲ ਵਢਾਏ !
ਜ਼ੁਲਮ ਨ ਡਿੱਠਾ ਜਾਵੇ ਸਾਥੋਂ ਬੈਠੇ ਮੁਖ ਛਪਾਕੇ !
ਬਣ ਗਈ ਕਤਲਗਾਹ ਗੁਰਧਾਮੀਂ ਦੇਖ ਲੈ ਹੁਣ ਆਕੇ !
ਹੇਠ ਗੱਡੀ ਦੇ ਦਲੀਆ ਹੋਗਏ ਕਾਰਨ ਦਰਸ ਭਰਾਵਾਂ !
ਜ਼ੁਲਮ ਨ ਦਸੇ ਜਾਂਦੇ ਮੈਥੋਂ ਮੈਂ ਕੀ ਲਿਖ ਸੁਨਾਵਾਂ !
ਮੁਕਦੀ ਗਲ ਮੁਕਾਵਾਂ ਏਥੇ ਜੋ ਸਿਰ ਤੇ ਵਰਤਾਂਦਾ !
ਜੇ ਕੋਈ ਲਿਖਨੇ ਲਗੇ ਭਾਈ ਲਿਖਿਆ ਮੂਲ ਨਾ ਜਾਂਦਾ !

ਨੋਟ--ਖਾਲਸਾਜੀ ! ਏਹੋਜੇਹਾ ਅਪੱਦਰ ਦੇਖਕੇ ਓਹ ਕੌਣ ਜੀਊੜਾ ਹੈ ਜੋ ਹੰਝੂ ਭਰਭਰਕੇ ਨਹੀਂ ਰੋਪੈਂਦਾ? ਗਲਵੀ ਠੀਕ ਹੈ,ਕਿ ਇਹੋਜੇਹਾ ਕੈਹਰਵੀ ਤਾਂ ਅਜੇਤਕ ਪਿਛੇਨਹੀਂ ਹੋਇਆ। ਖਿਆਲ ਕਰੋ ਕਿ ਬਾਬ ਗੁਰਦਿਤ ਸਿੰਘ ਅਤੇ ਮਾਸਟਰ ਮੋਤਾ ਸਿੰਘ ਜੀ ਵਰਗੇ ਪਰਵਾਨਿਆਂ ਨੇ ਸਤ ੨ ਸਾਲ ਜੰਗਲਾਂ ਵਿਚ ਫਿਰਕੇ ਬਤੀਤ ਕਰ ਦਿਤੇ, ਅਜ ਪੰਜ ੨ ਸਾਲ ਬਿਨਾਂ ਕਿਸੇ ਦੋਸ਼ ਦੇ ਜੇਹਲਾਂ ਵਿਚ ਡਕ ਦਿਤੇ ਗਏ ਹਨ, ਪਰ ਸੁਣੇ ਕੌਣ? "ਅੰਨੀ ਨਗਰੀ ਬੇਦਾਦ ਰਾਜਾ, ਟਕੇ ਸੇਰ ਭਾਜੀ ਟਕੇ ਸੇਰ ਖਾਜਾ।"ਵਾਲੀ ਗਲ ਹੈ,ਜੈਤੋ ਵਾਲਾ ਸਾਕਾ ਸੁਣ ਸੁਣਕੇ ਹਥਾਂ ਵਿਚੋਂ ਲਿਖਦਿਆਂ ੨ ਕਲਮਾਂ ਡਿੱਗ ਪੈਂਦੀ ਨੇ, ਅਤੇ ਕਾਗਜ਼ ਕੰਬ ਉਠਦੇ ਹਨ, ਖਾਲਸਾ ਜੀ ਸਖਤੀਆਂ ਦੀ ਪਰਵਾਹ ਨ ਕਰੋ ਤੇ ਕੈਮ ਹੋਕੇ ਡੱਟੇ ਰਹੁ, ਵਾਹਿਗੁਰੂ ਕਦੇ ਤਾਂ ਪੁਕਾਰ ਸੁਨੇਗਾ ਹੀ:-

--o--

**੧੫ ਮਾਰਚ ਸੰਨ ਉਨੀ ਸੌ ੨੪ ਨੂੰ ਦੂਜੇ ਸ਼ਹੀਦੀ ਜਥੇ ਨੂੰ ਮਾਰ ਕੁਟਾਈ ! ਸਿੰਘਾਂ ਨੂੰ ਗ੍ਰਿਫਤਾਰ ਕਰਕੇ ਜੈਤੋ ਕਿਲੇ ਵਿਚ ਖੜ ਕੇ ਸਖਤੀ ਕਰਨੀ ਅਤੇ ਦੇਸ਼ ਵਿਚ ਫਿਰ ਦੁਹਾਈ ਫਿਰ ਜਾਨੀ !**

ਕੀ ਲਿਖਾਂ ਤੇ ਕੀ ਸੁਨਾਵਸਾਂ ਮੈਂ,
ਹਿਰਦਾ ਕੰਬਿਆ ਜ਼ੁਲਮ ਦੀ ਤਾਰ ਸੁਨਕੇ।
ਲੂੰ ਲੂੰ ਹੋ ਗਿਆ ਹੈ ਵਾਲ ਮੇਰਾ,
ਹਾਇ ਅੱਜ ਕਸਾਈਆਂ ਦੀ ਮਾਰ ਸੁਨਕੇ।
ਦੂਜਾ ਜੱਥਾ ਵੀ ਕਿਲੇ ਦੇ ਵਿਚ ਖੜਿਆ,
ਨੀਆਂ ਉਠ ਬੈਠੀ ਹਾ ਹਾ ਕਾਰ ਸੁਨਕੇ।
ਅੰਦਰ ਵਾੜ ਕੇ ਜੂੜ ਕੇ ਮਾਰਿਓ ਨੇ,
ਨਾ ਕੋਈ ਆ ਜਾਏ ਹਾਲ ਪੁਕਾਰ ਸੁਨਕੇ।
ਪਤਾ ਨਹੀਂ ਕੀ ਉਨ੍ਹਾਂ ਦੇ ਨਾਲ ਕੀਤ,
ਪਿਛੇ ਰੋਂਹਵਦੇ ਘਰੀਂ ਪ੍ਰਵਾਰ ਸੁਨਕੇ।
ਖਬਰ ਝੱਟ ਪੁਜੀ ਹੋਰ ਮੁਲਕ ਅੰਦਰ,
ਬੁਰੇ ਹੋ ਗਏ ਸਾਰੇ ਲਾਚਾਰ ਸੁਨਕੇ।
ਜਬੇ ਬਾਨ ਲਾਗੇ ਤਬੇ ਰੋਸ ਜਾਗੇ,
ਹੋਏ ਤਿਆਰ ਕਈ ਲੱਖ ਹਜ਼ਾਰ ਸੁਨਕੇ ॥
ਭਾਰੀ ਅੱਤ ਹੋ ਗਈ ਗੁਰਦਿਆਲ ਸਿੰਘਾ,
ਹੋ ਗਿਆ ਹੈਰਾਨ ਕਰਤਾਰ ਸੁਨਕੇ

ਖਾਲਸਾ ਜੀ ! ਆਪ ਦੇ ਪਵਿਤ੍ਰ ਚਰਨਾਂ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਏਹ ਜ਼ੁਲਮ ਕੈਹਰ ਤੇ ਉਪਦਰ ਲਿਖ-

ਦਿਆਂ ਲਿਖਦਿਆਂ ਅਤੇ ਪੜ੍ਹਦਿਆਂ ਪੜ੍ਹਦਿਆਂ ਅੱਖੀਂ ਥੱਕ ਗਈਆਂ ਹਨ ਅਤੇ ਜ਼ਬਾਨ ਰਹਿ ਚੁਕੀ ਹੈ। ਮੈਂ ਵੀ ਇਸ ਕਤਾਬ ਨੂੰ ਸੰਨ ਉਨੀ ਸੌ ਚੱਵੀ ੧੫ ਮਾਰਚ, ਤੇ ਚੇਤਰ ੩ ਸੰਮਤ ੧੯੮੦ ਸ਼ਨਿਚਰਵਾਰ ਨੂੰ ਖਤਮ ਕਰਦਾ ਹਾਂ ਅ ਵਾਹਿਗੁਰੂ ਅਗੇ ਬੇਨਤੀ ਕਰਦਾ ਹਾਂ ਕਿ ਤੀਜੇ ਚੌਥੇ ਹਿਸੇ ਬਨੌਣ ਦੀ ਛੇਤੀ ਤਾਕਤ ਬਖਸ਼ੇ।

ਬਾਕੀ ਜੈਤੋ ਨਾਭੇ ਦੀ ਕਾਰਵਾਈ ਅਤੇ ਹੋਰ ਜੋ ਸੇਵਾ ਤੁਛ ਬੁਧੀ ਅਨੁਸਾਰ ਹੋ ਸਕੀ ਓਹ ਮੈਂ ਤੀਜੇ ਚੌਥੇ ਹਿਸੇ ਵਿਚ ਆਪ ਦੀ ਪਵਿਤ੍ਰ ਸੇਵਾ ਵਿਚ ਪੇਸ਼ ਕਰਾਂਗਾ।

## ਉਡੀਕ ਰਖੋ !

ਸੁਣੋ ਖਾਲਸਾ ਜ਼ਰਾ ਧਿਆਨ ਧਰ ਕੇ,
ਸਾਰੇ ਸਜਣਾਂ ਤਾਈਂ ਸੁਣਾਇ ਦੇਵਾਂ।
ਹਿੱਸਾ ਤੀਸਰਾ ਤੇ ਚੌਥਾ ਪਾਠਕਾਂ ਨੂੰ,
ਥੋੜੇ ਦਿਨਾਂ ਦੇ ਵਿਚ ਬਣਾਇ ਦੇਵਾਂ।
ਸੋਹਣੇ ਪੰਥ ਅਤੇ ਗੁਰੂ ਗ੍ਰੰਥ ਅਗੇ,
ਮੈਂ ਆਪਣਾ ਸੀਸ ਨਿਵਾਇ ਦੇਵਾਂ।
ਐਸੀ ਕਲਮ ਚਲਾਵਸਾਂ ਗਜ਼ਬ ਵਾਲੀ,
ਝੋਲੀ ਚੁਕਾਂ ਵਾਲੇ ਵੱਢ ਛਾਇ ਦੇਵਾਂ।
ਰੱਖ ਇਕ ਅਕਾਲ ਦੀ ਓਟ ਭਾਈ,
ਛੇਤੀ ਆਪਣੀ ਕਲਮ ਚਲਾਇ ਦੇਵਾਂ।
ਜਿੱਥੇ ਭੁਲ ਹੋਵੇ ਉਥੇ ਖਿਮਾਂ ਕਰਨੀ,
ਹੱਥ ਜੋੜ ਕੇ ਫਤੇ ਬੁਲਾਇ ਦੇਵਾਂ।

[ ਤੀਜੇ ਚੌਥੇ ਹਿਸੇ ਦੀ ਉਡੀਕ ਰਖੋ ]

# ਲੌ ਘਰ ਬੈਠੇ ਦਰਸ਼ਨ ਕਰੋ !

(੧) ਤਸਵੀਰ ਕਾਰਸ੍ਰੋਵਰ ਸ੍ਰੀ ਹਰਿਮੰਦਰ ਸਾਹਿਬ ਦੇ ਨਜ਼ਾਰੇ ਦੀ ਤਿੰਨ ਰੰਗੀ ਜੋ ੪ ਹਾੜ ਸੰ: ੧੯੮੦ ਦੀ ਪੰਜ ਪਿਆਰਿਆਂ ਦੇ ਸੀਸ ਪਰ ਚਾਂਦੀ ਦੇ ਬਾਟੇ ਚੁਕੇ ਹੋਏ ਹਨ ਤੇ ਸੋਨੇ ਦੀਆਂ ਕਹੀਆਂ ਨਾਲ ਟੱਕ ਲਾ ਰਹੇ ਹਨ। ਬਾਦ ਸੂਬਤ ਮਾਈ ਭਾਈ ਤੇ ਅਕਾਲੀਦੱਲ ਗਾਰ ਕਢ ਰਹੇਹਨ ਮੋਖ॥=)

(੨) ਸਾਕਾ ਸ੍ਰੀ ਨਨਕਾਣਾ ਸਾਹਿਬ ਇਹ ਤਸਵੀਰ ਤ੍ਰੈ ਰੰਗਾਂ ਵਿਚ ਲਛਮਨ ਸਿੰਘ ਜੀ, ਦਲੀਪ ਸਿੰਘ ਜੀ ਸਮੇਤ ਸਿੰਘਾਂ ਨੂੰ ਭਿਆਨਕ ਦਰਦ ਭਰੇ ਸਾਕੇ, ਦੁਸ਼ਟ ਨਰੈਣੂ ਘੋੜੇ ਤੇ ਚੜ੍ਹ ਕਰ ਬਦਮਸਤ ਹੋਕਰ ਹਥਾਂ ਵਿੱਚ ਸੀਸ ਜਥੇਦਾਰ ਲਛਮਨ ਸਿੰਘ ਜੀ ਦਾ ਚੁਕੇ ਦੌੜ ੨ ਕਰ ਦਿਖਾ ਰਿਹਾ ਹੈ। ਮੋਖ॥=) (੩) ਤਸਵੀਰ ਗੁਰੂ ਦੇ ਬਾਗ ਦੇ ਨਜ਼ਾਰੇ ਮਾਰ ਕੁਟਾਈ ਬੀਟੀ ਦੇ ਜ਼ੁਲਮ ਮੋਖ॥=)।

(੪) ੪੫ ਤਸਵੀਰਾਂ ਦਾ ਪੂਰਾ ੨ ਇਕੱਠਾ ਸਿਟ ਸ਼ਹੀਦਾਂ, ਮੁਰੀਦਾਂ, ਹਠੀਆਂ, ਤਪੀਆਂ, ਤੇ ਸੂਰਬੀਰਤਾਵਾਂ ਦੇ ਫੋਟੋ ਮਾਨਿੰਦ ਬਹੁਤ ਹੀ ਵਧੀਆ ਗਲੇਜ਼ ਕਾਗਜ਼ ਪਰ ਛਪੀਆਂ ਹਨ, ਮੂਲ ਡਾਕ ਖਰਚ ਸਮੇਤ ੨॥।)।

ਪਤਾ-- ਭਾਈ ਨਾਨਕ ਸਿੰਘ ਕ੍ਰਿਪਾਲ ਸਿੰਘ
ਹਜ਼ੂਰੀਆ ਪੁਸਤਕਾਂ ਵਾਲੇ ਸ੍ਰੀ ਅੰਮ੍ਰਿਤਸਰ

—o—

# ਕਲਜੁਗੀ ਮਾਤਾ ਤੇ ਸੱਤਜੁਗੀ ਪੁਤ੍ਰ

ਪਾਠਕ ਜੀ ! ਆਪ ਨੇ ਕਈ ਨਾਵਲ ਪੜ੍ਹੇ ਤੇ ਸੁਣੇ ਹੋਣਗੇ ਪਰ ਏਹ ਉਕਤ ਨਾਮ ਦਾ ਨਾਵਲ ਜੇਹੜਾ ਹੁਣੇ ਹ ਸ੍ਰ: ਰਾਮ ਸਿੰਘ ਜੀ ਫਲੌਰੀਏ ਕਰਤਾ ਰਾਣੀ ਪਦਮਨੀ, ਅਨੋਖੀ ਡਾਇਣ, ਸਾਡਾ ਹਾਲ, ਪੰਜਾਬੀ ਅਖਾਣ, ਆਗਿਆ-ਕਾਰ, ਪੁਸ਼ਪ ਪਟਾਰੀ, ਸੰਜਮ, ਤੇ ਭੂਤਾਂ ਦੀ ਖੇਡ ਆਦਿ ਪਾਸੋਂ ਤਯਾਰ ਕਰਵਾਇਆ ਹੈ । ਇਕ ਅਦੁਤੀ ਨਾਵਲ ਹੈ ਰਸੀਲੇ ਤੇ ਮਿੱਠੇ ਅੱਖਰਾਂ ਵਿੱਚ 'ਸੱਤਜੁਗੀ ਪੁਤ੍ਰ' ਦਾ ਪੂਰਾ ਫੋਟੋ ਖਿਚਿਆ ਗਿਆ ਹੈ, ਇਕ ਵਾਰ ਪੜ੍ਹਨ ਲਗੀਏ ਤਾਂ ਛੱਡਨ ਨੂੰ ਜੀ ਨਹੀਂ ਕਰਦਾ ਜਦ ਤੱਕ ਕਿ ਸਾਰਾ ਨਾ ਪੜ੍ਹ ਲਈਏ ਇਸਤ੍ਰੀ ਸਿੱਖਜਾ ਲਈ ਤਾਂ ਮਾਨੋਂ ਕੂਜੇ ਵਿੱਚ ਹਾਥੀ ਬੰਦ ਕੀਤਾ ਗਿਆ ਹੈ ਬਹੁਤੀ ਵਡਿਆਈ ਕਰਨੀ ਫਜ਼ੂਲ ਹੈ ਇਕ ਵਾਰ ਮੰਗਵਾਕੇ ਜ਼ਰੂਰ ਪੜ੍ਹੋ ਤੇ ਜੇ ਆਪ ਪੜ੍ਹਦੇ ਹੀ ਵਾਹ ! ਵਾਹ ! ਨਾ ਕਰ ਉਠੋ ਤਾਂ ਸਾਨੂੰ ਕਹਿਣਾ, ਮੁਲ ਕੇਵਲ ੧) ਡਾਕ ਖਰਚ ਸਣੇ ੧।-)

ਮਿਲਨ ਦਾ ਪਤਾ:-

**ਭਾਈ ਨਾਨਕ ਸਿੰਘ ਕ੍ਰਿਪਾਲ ਸਿੰਘ ਹਜ਼ੂਰੀਆ**

ਪੁਸਤਕਾਂ ਛਾਪਣ ਤੇ ਵੇਚਣ ਵਾਲੇ

ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ ॥


—o—

# ਛੱਪ ਗਿਆ

## ਕੀ ?

ਫਾਰਮਾਂ ਕੋਪੀਆ ਦੂਜੀ ਵੇਰ ਜਿਸਦੀ ਮੰਗ ਥਾਂ ਥਾਂ ਤੇ ਜਗ੍ਹਾ ਜਗ੍ਹਾ ਤੇ ਹੋ ਰਹੀ ਸੀ ਤੇ ਭਾਲ ਕੀਤਿਆਂ ਭੀ ਨਹੀਂ ਸੀ ਮਿਲਦਾ, ਜਿਸ ਵਿੱਚ ਹਰ ਇਕ ਬੀਮਾਰੀ ਵਾਸਤੇ ਅੰਗ੍ਰੇਜ਼ੀ ਅਤੇ ਦੇਸੀ ਦਵਾਈਆਂ ਦੇ ਮੁਜਰਬ ਤੇ ਕੌਡੀਆਂ ਦੇ ਮੁਲ ਦੇ ਨੁਸਖੇ ਦਰਜ ਹਨ ਅਤੇ ਜਿਸਦੇ ਕਰਤਾ ਡਾਕਟ੍ਰ ਗੁਰਮੁਖ ਸਿੰਘ ਜੀ ਹਨ, ਡਾਕਟ੍ਰ ਸਾਹਿਬ ਨੇ ਸਮੁੰਦਰ ਨੂੰ ਕੂਜੇ ਵਿੱਚ ਪਾਕੇ ਦਿਖਾ ਦਿੱਤਾ ਹੈ। ਸੋ ਇਸਦਾ ਹਰ ਇਕ ਅਮੀਰ ਗ੍ਰੀਬ ਦੇ ਘਰ ਵਿੱਚ ਹੋਣਾ ਜਰੂਰੀ ਹੈ। ਭੇਟਾ ਕੇਵਲ ੧) ਜਿਲਦ ਸਮੇਤ ੧।) ਡਾਕ ਖਰਚ ਸਣੇ ੧॥)

ਮੰਗਾਨ ਦਾ ਪਤਾਃ—

**ਭਾਈ ਨਾਨਕ ਸਿੰਘ ਕ੍ਰਿਪਾਲ ਸਿੰਘ ਹਜ਼ੂਰੀਆ**

ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ।

—o—

## ਘਰ ਬੈਠੇ ਕਵੀਸ਼ਰ ਬਨ ਜਾਓ !

ਸਾਡੇ ਪਾਸ ਸਭ ਤੋਂ ਅਸਲੀ ਤੇ ਵਡਾ ਪਿੰਗਲ ਸਟੀਕ ਕ੍ਰਿਤ ਕਵੀ ਭਾਈ ਕਰਤਾਰ ਸਿੰਘ ਜੀ ਦਾਖਾ ਨਿਵਾਸੀ ਦਾ ਗੁਰੂ ਕਾਵ੍ਯ ਦਰਸ਼ਨ ਪੰਜਾਬੀ ਕਵਿਤਾ, ਵਿਸਤਾਰ ਸਹਤ ਅਰ ਛੰਦਾਂ ਉਤੇ ਪ੍ਰਿਯਾਵਾ ਦੀ ਵਰਤੋਂ ਤੇ ਮਨੋਹਰ ਛੰਦਾਂ ਦੇ ਉਦਾਹਰਨ ਦਿਖਾਏ ਗਏ ਹਨ ਛੇਤੀ ਮੰਗਾਓ। ਮੋਖ ਡਾਕ ਖਰਚ ਸਮੇਤ ੧।।।) ।

## ਮੈਨੂੰ ਭੀ ਪੜ੍ਹ ਲੈਣਾ

ਤੁਸੀਂ ਕਹੋਗੇ ਏਹ ਕੀ ? ਸਜਣ ਜੀ ! ਆਪ ਨੂੰ ਯਾਦ ਹੋਵੇ ਜੋ ਕਈਆਂ ਗੁਰਮੁਖਾਂ, ਪਿਆਰਿਆਂ ਦੇ ਮਨਾਂ ਵਿਚ ਵਾਜਾ ਜੋੜੀ ਹਰੇਕ ਸਾਜ਼ ਦੇ ਸਿਖਨ ਦੀ ਅਭਿਲਾਖਾ ਹੁੰਦੀ ਹੈ ਤਾਂ ਸਿਖਾਉਣ ਵਾਲਿਆਂ ਤੋਂ ਆਸ਼ਾ ਪੂਰੀ ਨ ਹੋਣ ਕਰਕੇ ਤੇ ਅਸਾਂ ਔਖ ਵੇਖਕੇ **ਛੋਟੇ ਸਾਹਿਬ ਜ਼ਾਦਿਆਂ ਦੀ ਸ਼ਹੀਦੀ** ਸਹਿਤ ਗ੍ਰੰਥ ਹਾਰਮੋਨੀਅਮ ਸੰਗੀਤ ਕ੍ਰਿਤ ਛਾਂਗਾ ਸਿੰਘ ਜੀ ਰਾਗੀ ਸੇਵਾਦਾਰ ਡੇਰਾ ਸ੍ਰੀਗੁਰੂ ਅਰਜਨਦੇਵ ਜੀ ਵਾਲਾ ਛਾਪ ਦਿੱਤਾ ਹੈ ਜੋ ਹਥੋ ਹਥੀ ਵਿਕ ਰਿਹਾ ਹੈ ਛੇਤੀ ਮੰਗਾ ਲਵੋ ਨਹੀਂ ਤਾਂ ਦੂਜੀ ਐਡੀਸ਼ਨ ਉਡੀਕਣੀ ਪਵੇਗੀ। ਵਧੀਆ ਕਾਗਜ਼ ਡਾਕ ਸਮੇਤ ੧॥) ।

**(੨) ਸਤਿਗੁਰ ਮੈਹਮਾ** ਪੰਜ ਹਿੱਸੇ ਮੁਕੰਮਲ ਰਚਿਤ ਭਾਈ ਨਾਨਕ ਸਿੰਘ ਜੀ (ਪਿਸ਼ਾਵਰ) ਨਿਵਾਸੀ ਚਕ ਹਮੀਦ ਜ਼ਿਲਾ ਜੇਹਲਮ ਮੋਖ ॥) ੧।) ੨) ।

ਪਤ—ਭਾਈ ਨਾਨਕ ਸਿੰਘ ਕ੍ਰਿਪਾਲ ਸਿੰਘ ਹਜ਼ੂਰੀਆ, ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ ।

# ਛੱਪ ਗਿਆ

ਕੀ ?

**ਫਾਰਮਾਂ ਕੋਪੀਆ ਦੂਜੀ ਵੇਰ ਜਿਸ ਦੀ ਮੰਗ ਥਾਂ ਥਾਂ ਤੇ ਜਗ੍ਹਾ ਜਗ੍ਹਾ ਹੋ ਰਹੀ ਸੀ ਤੇ ਭਾਲ ਕੀਤਿਆਂ ਭੀ ਨਹੀਂ ਸੀ ਮਿਲਦਾ, ਜਿਸ ਵਿਚ ਹਰ ਇਕ ਬੀਮਾਰੀ ਵਾਸਤੇ ਅੰਗ੍ਰੇਜ਼ੀ ਅਤੇ ਦੇਸੀ ਦਵਾਈਆਂ ਦੇ ਮੁਜਰਬ ਤੇ ਕੌਡੀਆਂ ਦੇ ਮੁਲ ਦੇ ਨੁਸਖੇ ਦਰਜ ਹਨ ਅਤੇ ਜਿਸਦੇ ਕਰਤਾ ਡਾਕਟ੍ਰ ਗੁਰਮੁਖ ਸਿੰਘ ਜੀ ਹਨ, ਡਾਕਟਰ ਸਾਹਿਬ ਨੇ ਸਮੁੰਦਰ ਨੂੰ ਕੂਜੇ ਵਿਚ ਪਾ ਕੇ ਦਿਖਾ ਦਿਤਾ ਹੈ। ਸੋ ਇਸ ਦਾ ਹਰ ਇਕ ਅਮੀਰ ਗਰੀਬ ਦੇ ਘਰ** ਵਿਚ ਹੋਣਾ ਜ਼ਰੂਰੀ ਹੈ। ਭੇਟਾ ਕੇਵਲ ੧) ਜਿਲਦ ਸਮੇਤ ੧।) ਡਾਕ ਖਰਚ ਸਮੇਤ ੧॥)

## ਖੂਨੀ ਸਾਕੇ ਜੈਤੋ ਦੀ ਤਸਵੀਰ !

---

ਉਕਤ ਸਾਕੇ ਦਾ ਹੂ ਬਹੂ ਨਕਸ਼ਾ (ਫੋਟੋ) ਤਿੰਨ ਰੰਗਾਂ ਵਿਚ ਛੱਪ ਗਿਆ ਹੈ, ਕੀਮਤ ॥=) ਸਣੇ ਡਾਕ ।॥=)

ਮੰਗਾਣ ਦਾ ਪਤਾ :—

**ਭਾਈ ਨਾਨਕ ਸਿੰਘ ਕ੍ਰਿਪਾਲ ਸਿੰਘ ਹਜ਼ੂਰੀਆ**

ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ।